
ਦੀਵਾ ਬਲੇ
ਸਮੁੰਦਰੋਂ ਪਾਰ
ਪਸ਼ੌਰਾ ਸਿੰਘ ਢਿੱਲੋਂ

# ਦੀਵਾ ਬਲੇ ਸਮੁੰਦਰੋਂ ਪਾਰ

## (ਕਾਵਿ ਸੰਗ੍ਰਹਿ)


ਪਸ਼ੌਰਾ ਸਿੰਘ ਢਿੱਲੋਂ

www.PashauraSinghDhillon.com

ਮਾਂ-ਪਿਓ ਅਤੇ ਤਾਏ ਚਾਚਿਆਂ ਦੇ ਨਾਂ !

## ਤਤਕਰਾ


ਕਵੀ ਅਤੇ ਕਵਿਤਾ 6
ਮੇਰੀ ਕਵਿਤਾ ਦੀ ਕਹਾਣੀ 20
ਦੁਆ 29


## ਕਵਿਤਾਵਾਂ ਅਤੇ ਗੀਤ


ਕੀ ਰਖੀਏ ਨਾਂ ਇਸ ਆਲਮ ਦਾ 32
ਪੀਂਘਾਂ ਕਿਥੇ ਪਾਵਾਂ 34
ਤਲੀ 'ਤੇ ਸੀਸ 36
ਸਮੇਂ ਦੀ ਡਾਚੀ 37
ਅਸੀਂ ਪਾਹਰੂ ਬਣੇ 38
ਪਿਆਰ ਦਾ ਗੁਣਾ-ਫਲ 39
ਤੇਰੀ ਮੇਰੀ ਸਾਂਝ 40
ਚੜ੍ਹਨਹਾਰਾ ਦਿਨ 41
ਸਤੰਬਰ 2001 42
ਯਾਦ-ਪੱਥਰ 43
ਜੇ ਰੁੱਖ ਹੀ ਨਾ ਰਹੇ 44
ਗੀਤ ਲਿਖਦਾ ਹਾਂ 45
ਹਿੰਦੁਸਤਾਨ ਦੇ ਭਾਗ 46
ਪਗੜੀ ਸੰਭਾਲ ਜੱਟਾ 48
ਅਦਬੀ ਖਾਨਾ-ਜੰਗੀ ਦੇ ਨਾਂ 50
ਕਲਾ-ਕੁਦਰਤ 51
ਤੇਰੀ ਦੀਦ 52
ਚੱਕੀ 53
ਦਿਲ 55
ਡਾਈਨੋਸਾਰ ਦਾ ਕੂਚ 56
ਸ਼ਾਹਦੀ ਚਾਨਣੀ ਦੀ 57
ਵਕਤ ਦੀ ਪਹਿਚਾਨ 58
ਬੇ-ਵਸਾਹੀ ਕਲਮ 59

ਜਾਦੂਗਰ 60
ਕਾਹਦੀ ਲੋਅ 61
ਨਾਰਾਜ਼ ਕਾਨੀ 62
ਹਿੰਮਤੇ- ਮਰਦਾਂ 63
ਮਸੀਹਾ 64
ਸੂਰਜਾਂ ਵੇਹੜੇ 65
ਲੇਖਾ – ਜੋਖਾ 66
ਬੁਝਦੀ –ਬਲਦੀ 67
ਮੈਂ ਜੁਗਨੂੰ ਹਾਂ 68
ਰੱਬ ਵਰਗਾ ਭਰਵਾਸਾ 69
ਬੰਦੇ ਦੇ ਭਾਗੇ 70
ਬਸਤੀ ਰਹਿਣ ਵਾਲੀ ਹੈ 71
ਜੇ ਪੁੱਤਰ ਹਟਾਂ ਤੇ ਨਹੀਂ ਵਿਕਦੇ 72
ਪੈਰ ਖੜਾਵਾਂ 73
ਬੁੱਤ ਦੀ ਸ਼ਲਾਘਾ 74
ਛੱਜ 75
ਗਦਰੀ ਬਾਬੇ 76
ਨਵਾਂ ਜੁਗ 77
ਪੈਸਾ ਪੀਰ ਨਹੀਂ ਹੈ 78
ਤਾਂ ਮੰਨਾਂ 79
ਸ਼ੁਣ ਅੰਬਰ ਸ਼ਹਿਜ਼ਾਦੀਏ 80
ਰੂਹ ਮੇਰੇ ਪੰਜਾਬ ਦੀ 83
ਆ ਕੰਡਿਆ 87
ਕੁਰਬਾਨੀ 89
ਠਲ੍ਹਦਾ ਨਹੀਂ ਦਰਿਆ 90
ਓਹੀ ਹੈ ਇਹ ਸਿਤਾਰਗੀ 91
ਤੂੰ ਸਾਥੋਂ ਮੁੱਖ ਨਾ ਮੋੜੀਂ 92
ਛਣਕਣੇ 93
ਨਾਲ ਸਲੂਕ ਦੇ ਬੋਲ 94
ਲੈਲਾ ਖਾਲਿਦ 95
ਦਰਾੜਾਂ ਖਾ ਗਏ ਸ਼ੀਸ਼ੇ 98
ਰੁਬਾਈਆਂ 99
ਕੋਮਲ ਸ਼ਾਇਰ / ਬਾਬਾ ਨਜਮੀਂ 100

# ਕਵੀ ਅਤੇ ਕਵਿਤਾ

ਪਸ਼ੌਰਾ ਸਿੰਘ ਢਿੱਲੋਂ ਮੇਰਾ ਪੁਰਾਣਾ ਰਿਸ਼ਤੇਦਾਰ ਅਤੇ ਨਵਾਂ ਮਿੱਤਰ ਹੈ। ਪੁਰਾਣਾ ਮਿੱਤਰ ਇਸ ਕਰਕੇ ਕਿ ਉਹ ਮੇਰੇ ਛੋਟੇ ਭਾਈ ਵਰਗੇ ਦੋਸਤ ਜਸਬੀਰ ਭੁੱਲਰ ਦਾ ਭਣੋਈਆ ਹੈ ਅਤੇ ਨਵਾਂ ਮਿੱਤਰ ਇਸ ਕਰਕੇ ਕਿ ਉਸ ਨਾਲ ਨੇੜਲੀ ਸਾਂਝ ਪਿਛੇ ਜਿਹੇ ਉਸ ਸਮੇਂ ਹੀ ਬਣੀ ਜਦ ਮੈਨੂੰ ਅਮਰੀਕਾ ਜਾਣ ਦਾ ਅਵਸਰ ਪ੍ਰਾਪਤ ਹੋਇਆ। ਪਰ ਇਹ ਨੇੜਲੀ ਸਾਂਝ ਅਜਿਹੀ ਬਣ ਗਈ ਕਿ ਨਵਾਂ ਮਿੱਤਰ ਨਵਾਂ ਲੱਗਣੋਂ ਹਟ ਹੀ ਗਿਆ।

ਜਸਬੀਰ ਦਾ ਕਹਿਣਾ ਹੈ, ਪਸ਼ੌਰਾ ਸਿੰਘ ਰਿਸ਼ਤੇਦਾਰ ਹੀ ਨਹੀਂ, ਮੇਰੇ ਹਮਜਮਾਤ ਵੀ ਹਨ। ਜਦੋਂ ਪਸ਼ੌਰਾ ਸਿੰਘ ਤੇ ਮੈਂ ਖੁਬਸੂਰਤ ਇਨਸਾਨ ਅਤੇ ਸਮਰੱਥ ਲੇਖਕ ਤੇ ਗੰਭੀਰ ਵਿਚਾਰਕ ਜਗਜੀਤ ਸਿੰਘ ਦੇ ਅਮਰੀਕਾ ਵਾਲੇ ਘਰ  ਰਲ ਬੈਠੇ, ਉਹਦੇ ਤੇ ਪਸ਼ੌਰਾ ਸਿੰਘ ਦੇ ਵੀ ਹਮਜਮਾਤ ਹੋਣ ਦਾ ਪਤਾ ਲੱਗਿਆ। ਤੇ ਇਹਨਾਂ ਕੁਝ ਇਕ ਮਿਲਣੀਆਂ ਤੋਂ ਮਗਰੋਂ ਹੀ ਮੈਨੂੰ ਵੀ ਜਾਪਣ ਲੱਗਿਆ ਜਿਵੇਂ ਪਸ਼ੌਰਾ ਸਿੰਘ ਢਿੱਲੋਂ ਤੇ ਮੈਂ ਵੀ ਇਕ ਦੂਜੇ ਨੂੰ ਹੁਣ ਨਾ ਮਿਲੇ ਹੋਈਏ ਸਗੋਂ ਪਹਿਲਾਂ, ਸਕੂਲ ਤੇ ਕਾਲਜ ਸਮੇਂ ਹਮਜਮਾਤ ਰਹੇ ਹੋਈਏ।

ਅਸੀਂ – ਮੈਂ ਤੇ ਮੇਰੀ ਜੀਵਨ-ਸਾਥਣ ਗੁਰਚਰਨ – ਸਾਨਫਰਾਂਸਿਸਕੋ ਕੋਲ ਬੇਅ-ਏਰੀਏ ਵਿਚ ਆਪਣੇ ਘਰ, ਆਪਣੀ ਬੇਟੀ ਭਾਵਨਾ ਕੋਲ ਠਹਿਰੇ ਹੋਏ ਸੀ। ਫਰੈਜ਼ਨੋਂ ਜੋ ਕਾਰ ਰਾਹੀਂ ਸਾਥੋਂ ਢਾਈ-ਤਿੰਨ ਘੰਟੇ ਦੂਰ ਸੀ, ਮੇਰੇ ਵਡੇ ਵੀਰ, ਮੇਰੀ ਭੂਆ ਦੇ ਪੁੱਤਰ, ਸਮਾਜ-ਸੇਵਕ ਅਤੇ ਸਰਗਰਮ ਸਭਿਆਚਾਰਕ ਕਾਰਕੁਨ ਜਸਵੰਤ ਸਿੰਘ ਮਾਨ, ਦਾ ਸ਼ਹਿਰ ਹੋਣ ਕਰਕੇ ਸਾਡੀ ਸਥਾਨ-ਸੂਚੀ ਵਿਚ ਸ਼ਾਮਲ ਸੀ। ਫਰੈਜ਼ਨੋਂ ਦੇ ਵਡੇ ਸ਼ਹਿਰ ਦੇ ਨਾਲ ਹੀ ਪਸ਼ੌਰਾ ਸਿੰਘ ਢਿੱਲੋਂ ਦਾ ਸ਼ਹਿਰ ਮਡੇਰਾ ਹੈ।

ਇਕ ਦਿਨ ਸਾਡੇ ਨੇੜੇ ਹੀ ਇਕ ਸਾਹਿਤਕ ਇਕੱਤਰਤਾ ਸੀ। ਪਸ਼ੌਰਾ ਸਿੰਘ ਢਿੱਲੋਂ ਬੜੇ ਹਿੱਤ ਨਾਲ ਮਿਲਿਆ ਅਤੇ ਉਹਨੇ ਮਡੇਰਾ ਆਉਣ ਦਾ ਸੱਦਾ ਦਿੱਤਾ। ਮਗਰੋਂ ਜਦੋਂ ਇਕ ਸੱਜਨ ਨਾਲ ਉਹਦੇ ਮਿੱਠ-ਬੋਲੜੇ ਹੋਣ ਦਾ ਜ਼ਿਕਰ ਹੋਇਆ, ਉਹ ਬੋਲਿਆ, " ਜੇ ਕਦੀ ਇਹਨਾਂ ਨੂੰ ਗਾਉਂਦਿਆ ਸੁਣੋ!"

ਉਹਨੂੰ ਗਾਉਂਦਿਆਂ ਸੁਣਨ ਦਾ ਸਬੱਬ ਵੀ ਛੇਤੀ ਹੀ ਬਣ ਗਿਆ। ਮੇਰੇ ਲਈ ਅਮਰੀਕੀ – ਪੰਜਾਬੀ ਕਹਾਣੀ ਕਾਨਫ੍ਰੰਸ ਦੀ ਪਰਧਾਨਗੀ ਕਰਨ ਤੇ ਪਰਚਾ ਪੜ੍ਹਨ ਦਾ ਸਬੱਬ ਬਣਿਆ ਤਾਂ ਉਥੇ ਪਸ਼ੌਰਾ ਸਿੰਘ ਢਿੱਲੋਂ ਨਾਲ ਫੇਰ ਮੁਲਾਕਾਤ ਹੋਈ। ਸਾਡੇ ਸਾਹਿਤਕ ਰਿਵਾਜ ਅਨੁਸਾਰ ਕਹਾਣੀ ਕਾਨਫ੍ਰੰਸ ਦੇ ਅੰਤ ਉਤੇ ਕਵੀ-ਦਰਬਾਰ ਹੋਇਆ। ਮੰਚ ਉਤੇ ਚੜ੍ਹੇ ਪਸ਼ੌਰਾ ਸਿੰਘ ਢਿੱਲੋਂ ਨੇ ਪਹਿਲਾਂ ਤਾਂ ਬਾਹਰੋਂ ਸੱਜਨਾਂ ਦਾ ਸਵਾਗਤ ਕੀਤਾ ਤੇ 'ਦਿੱਲੀ ਤੋਂ ਆਏ ਦਿਲਦਾਰਾਂ' ਨੂੰ ਆਪਣੇ ਘਰ ਮਡੇਰਾ ਆਉਣ ਦਾ ਸੱਦਾ ਦੁਹਰਾਇਆ,  ਫੇਰ ਉਹਦੀ ਸੁਰ ਗੂੰਜੀ:

ਜੇ ਕੋਈ ਸਾਡੀ ਕਲਾ 'ਚ ਭੋਰਾ ਕੁਦਰਤ ਹੋਈ ,
ਤਾਂ ਉਹ ਆਪੇ ਆਪਣਾ ਰੰਗ ਲਿਆਏਗੀ।. . .

(ਕਲਾ- ਕੁਦਰਤ)

ਕਵੀ ਦੀ ਆਵਾਜ਼ ਤਾਂ ਦਿਲ ਦੀਆਂ ਤਾਰਾਂ ਹਿਲਾਉਣ ਵਾਲੀ ਹੈ ਈ ਸੀ, ਉਹਦੀ ਕਵਿਤਾ ਦੇ ਸਵੈਭਰੋਸੇ ਨੇ ਵੀ ਮੈਨੂੰ ਪ੍ਰਭਾਵਿਤ ਕੀਤਾ। ਫੇਰ ਇੱਕ ਅਜੇਹੀ ਗੱਲ ਹੋਈ ਜਿਸਦਾ ਉਹਦੇ ਇਸ ਸਵੈਭਰੋਸੇ ਨਾਲ ਗੂੜ੍ਹਾ ਸੰਬੰਧ ਸੀ।

ਉਹਨੀ ਦਿਨੀਂ ਕੈਲੇਫੋਰਨੀਆਂ ਵਿਚ ਥਾਂ-ਥਾਂ ਗ਼ਦਰੀ ਬਾਬਿਆਂ ਦੇ ਮੇਲੇ ਹੋ ਰਹੇ ਸਨ। ਇਕ ਮੌਕਾ ਅਜੇਹਾ ਵੀ ਬਣਿਆ ਕਿ ਇੱਕ ਸ਼ਹਿਰ ਵਿਚ ਪੰਜਾਬੀਆਂ ਦੇ ਦੋ ਧੜਿਆਂ ਵਲੋਂ ਇੱਕ ਹਫਤੇ ਦੀ ਵਿੱਥ ਨਾਲ ਗ਼ਦਰੀ ਬਾਬਿਆਂ ਦੇ ਦੋ ਮੇਲੇ ਮਨਾਏ ਜਾ ਰਹੇ ਸਨ। ਜਦੋਂ ਇਸ ਦੂਹਰੇ ਮੇਲੇ ਦਾ ਓਥੇ ਸੱਦਾ ਦਿੱਤਾ ਗਿਆ ਤਾਂ ਮੇਰੇ ਸਮੇਤ ਹੋਰ ਬਹੁਤ ਸਾਰੇ ਲੋਕਾਂ ਨੂੰ ਕਾਫੀ ਪ੍ਰੇਸ਼ਾਨੀ ਹੋਈ - ਕੀ ਅਸੀਂ ਗ਼ਦਰੀ ਬਾਬਿਆਂ ਦੀ ਪਵਿੱਤਰ ਯਾਦ ਵਿਚ ਵੀ ਦੂਈ-ਦਵੈਤ ਭੁਲਾ ਕੇ ਇਕ ਨਹੀਂ ਹੋ ਸਕਦੇ। ਇਸ ਜਜ਼ਬੇ ਦੀ ਤਰਜਮਾਨੀ ਕਰਦਿਆਂ ਮੰਚ ਉਤੋਂ ਕਵੀ ਪਸ਼ੌਰਾ ਸਿੰਘ ਢਿੱਲੋਂ ਦੀ ਆਵਾਜ਼ ਉੱਚੀ ਹੋਈ:

ਆਵੇ 'ਵਾਜ ਸ਼ਹੀਦ ਦੀ ਮੜ੍ਹੀ ਵਿਚੋਂ,
ਮੇਰੀ ਮੜ੍ਹੀ ਤੇ ਦੀਵਾ ਜਗਾਇਓ ਨਾ।
ਜਿੱਚਰ ਕੰਡੇ ਗ਼ੁਲਾਮੀ ਦੇ ਬੀਜਦੇ ਓ,
ਮੇਰੀ ਮੜ੍ਹੀ ਨੂੰ ਫੁੱਲ ਛੁਹਾਇਓ ਨਾ।
ਮੇਰੀ ਸੁਰ ਥੀਂ ਸੁਰ ਜੇ ਮੇਲਦੇ ਨਹੀਂ,
ਐਵੇਂ ਗੀਤ ਆਜ਼ਾਦੀ ਦੇ ਗਾਇਓ ਨਾ।

(ਹਿੰਦੁਸਤਾਨ ਦੇ ਭਾਗ)

ਭਰਿਆ ਹੋਇਆ ਹਾਲ ਤਾਲੀਆਂ ਨਾਲ ਗੂੰਜ ਉੱਠਿਆ। ਕਵੀ ਨੇ ਸਭ ਦੀਆਂ ਭਾਵਨਾਵਾਂ ਬਹੁਤ ਮਧੁਰ ਗਾਇਨ, ਪਰ ਪੂਰੀ ਤਰਾਂ ਨਿਰਪੱਖ ਅਤੇ ਸਖਤ ਸਪੱਸ਼ਟ ਸ਼ਬਦਾਂ ਰਾਹੀਂ ਪ੍ਰਗਟ ਕਰ ਦਿੱਤੀਆ ਸਨ।

ਪਸ਼ੌਰਾ ਸਿੰਘ ਢਿੱਲੋਂ ਦਾ ਆਪਣੀ ਕਵਿਤਾ ਵਿਚ ਭਰੋਸਾ ਉਹਦੀ ਕਵਿਤਾ ਦੀ ਲੋਕਮੁਖਤਾ ਉੱਤੇ, ਲੋਕਾਂ ਦੀਆਂ ਭਾਵਨਾਵਾਂ ਦੀ ਪੇਸ਼ਕਾਰੀ ਉੱਤੇ ਆਧਾਰਿਤ ਸੀ। ਤੇ ਇਹ ਲੋਕਮੁਖਤਾ ਉਹਨੂੰ ਚੜ੍ਹਦੀ ਉਮਰ ਸਿਰਮੌਰ ਗ਼ਦਰੀ, ਬਾਬਾ ਸੋਹਨ ਸਿੰਘ ਭਕਨਾ ਦੀ ਬੁਕਲ ਵਿਚ ਬਿਤਾਉਣ ਦੇ ਪ੍ਰਾਪਤ ਅਦੁਤੀ ਅਵਸਰ ਅਤੇ ਸੁਭਾਗ ਦੀ ਦੇਣ ਸੀ। ਬਾਬਾ ਜੀ ਪਸ਼ੌਰਾ ਸਿੰਘ ਢਿੱਲੋਂ ਦੇ ਨਿਕਟ ਸੰਬੰਧੀ ਸਨ। ਕਵੀ ਨੇ ਬਾਬਾ ਜੀ ਦੀ ਜੀਵਨ-ਸ਼ੈਲੀ ਨੇੜਿਓਂ ਦੇਖੀ-ਵਾਚੀ ਹੋਈ ਸੀ, ਉਹਨਾਂ ਤੋਂ

ਗ਼ਦਰ ਲਹਿਰ ਦੀਆਂ ਬੇਮਿਸਾਲ ਕੁਰਬਾਨੀਆਂ ਬਾਰੇ ਸੁਣਿਆਂ ਹੋਇਆ ਸੀ ਅਤੇ ਇਸੇ ਕਾਰਨ ਵੱਡਾ ਹੋ ਕੇ ਗ਼ਦਰ ਲਹਿਰ ਦੇ ਅਦੁੱਤੀ ਸੂਰਬੀਰਤਾ ਵਾਲੇ ਇਤਿਹਾਸ ਨੂੰ ਦਿਲਚਸਪੀ ਤੇ ਸ਼ਰਧਾ ਨਾਲ ਪੜ੍ਹਿਆ-ਜਾਣਿਆ ਹੋਇਆ ਸੀ। ਗ਼ਦਰੀ ਬਾਬਿਆਂ ਦੇ ਨਾਂ ਉੱਤੇ ਪਰਵਾਸੀ ਪੰਜਾਬੀਆਂ ਦੀ ਵੰਡ ਦੇ ਸੰਬੰਧ ਵਿਚ ਉਹਦਾ ਤਿੱਖਾ ਪ੍ਰਤੀ ਕਰਮ ਇਸ ਪਿਛੋਕੜ ਸਾਹਮਣੇ ਸੁਭਾਵਿਕ ਸੀ।

ਇਹ ਗ਼ਦਰੀ ਬਾਬਿਆਂ ਪਰਤੀ ਸੁੱਚੀ ਸ਼ਰਧਾ ਦਾ ਪ੍ਰਗਟਾਵਾ ਹੀ ਸੀ ਕਿ ਮਗਰੋਂ ਇੱਕ ਦਿਨ ਜਦੋਂ ਅਸੀਂ ਸਾਨਫਰਾਂਸਿਸਕੋ ਵਿਖੇ ਉਹਨਾਂ ਦਾ ਯੁਗਾਂਤਰ ਆਸ਼ਰਮ ਦੇਖਣ ਦੀ ਇੱਛਾ ਦੱਸੀ, ਪਸ਼ੌਰਾ ਸਿੰਘ ਢਿੱਲੋਂ ਵੀ ਪਰਿਵਾਰ ਸਮੇਤ ਸਾਡੇ ਨਾਲ ਹੋ ਲਿਆ।

ਰਿਸ਼ਤੇਦਾਰੀ ਕਾਰਨ ਤੇ ਉਹਦੇ ਮਿੱਠੇ-ਨਿੱਘੇ ਸੁਭਾਉ ਕਾਰਨ ਕਵੀ ਨਾਲ ਤਾਂ ਨੇੜਤਾ ਹੋਈ ਹੀ, ਉਹਦੀ ਕਵਿਤਾ ਦੀ ਲੋਕਮੁਖਤਾ ਕਾਰਨ, ਮਨੁੱਖੀ ਸਮਾਜ ਦੀਆਂ ਸਮਕਾਲੀ ਸਮੱਸਿਆਵਾਂ ਨੂੰ ਉਹਦੇ ਸੰਬੋਧਿਤ ਹੋਣ ਕਾਰਨ ਉਹਦੀ ਕਵਿਤਾ ਨਾਲ ਵੀ ਓਨੀ ਹੀ ਨੇੜਤਾ ਹੋ ਗਈ।

ਇਉਂ ਸਾਡੀ ਸਥਾਨ-ਸੂਚੀ ਵਿਚ ਫਰੈਜ਼ਨੋਂ ਦੇ ਨਾਲ ਮਡੇਰਾ ਵੀ ਇੱਕ ਥੁੜ-ਚਿਰੀ ਫੇਰੀ ਲਈ ਸ਼ਾਮਿਲ ਹੋ ਗਿਆ। ਪਰ ਸਮਾਂ ਅਇਆ ਤਾਂ ਸੰਖੇਪ ਜਿਹੀ ਸੋਚੀ ਗਈ ਇਹ ਮੁਲਾਕਾਤ ਘੰਟਿਆਂ ਤੱਕ ਫੈਲ ਗਈ।

ਪਸ਼ੌਰਾ ਸਿੰਘ ਢਿੱਲੋਂ ਦਾ ਘਰ ਉਹਦੇ ਦਿਲ ਵਾਂਗ ਮੋਕਲਾ ਹੈ। ਕਲਾਤਮਕ ਮਕਾਨ ਦੇ ਅੱਗੇ-ਪਿੱਛੇ ਖੁਲ੍ਹੀ-ਡੁਲ੍ਹੀ ਥਾਂ ਵਿਚ ਹਰਿਆਲੀ,ਫੁੱਲ, ਛਾਂਦਾਰ ਅਤੇ ਫਲਦਾਰ ਬਿਰਛ ਬੂਟੇ। ਓਹਦਾ ਕੰਮ-ਕਾਜੀ ਜੀਵਨ ਇੱਕ ਲੈਂਡਸਕੇਪ ਆਰਕੀਟੈਕਟ ਵਜੋਂ ਬੀਤਿਆ ਹੈ। ਉਹਨੇ ਅਰੰਭ ਪੰਜੌਰ ਬਾਗ਼ ਅਤੇ ਕੈਪੀਟਲ ਪਰੌਜੈਕਟ ਚੰਡੀਗੜ੍ਹ, ਜਿਸ ਵਿਚ ਰੋਜ਼-ਗਾਰਡਨ ਵੀ ਸ਼ਾਮਿਲ ਸੀ , ਤੋਂ ਕੀਤਾ ਸੀ। ਤੇ ਇਹ ਇਥੇ ਹੀ ਸੀ ਕਿ ਨਾ ਕੇਵਲ ਉਸਦੇ ਕਿੱਤਾਵਰ ਕੰਮ ਦੀ ਗੁਣਤਾ ਹੀ ਪਛਾਣ ਲਈ ਗਈ ਸੀ, ਸਗੋਂ ਉਹਦੀ ਕਵਿਤਾ ਵੀ ਪ੍ਰਸੰਸਾ ਦੀ ਭਾਗੀ ਬਣ ਗਈ ਸੀ। ਇੱਕ ਵੱਡੇ ਸਮਾਗਮ ਸਮੇਂ ਮੁਹਿੰਦਰ ਸਿੰਘ ਰੰਧਾਂਵਾ ਵਲੋਂ ਆਪਣੇ ਗਲੇ ਦਾ ਹਾਰ ਉਤਾਰ ਕੇ ਮੰਚ ਉਤੇ ਪਸ਼ੌਰਾ ਸਿੰਘ ਢਿੱਲੋਂ ਦੇ ਗਲ ਵਿਚ ਪਾ ਦਿੱਤੇ ਜਾਣਾ ਇਸੇ ਗੱਲ ਦਾ ਸਬੂਤ ਸੀ। ਮਗਰੋਂ ਸੰਯੁਕਤ ਰਾਸ਼ਟਰ ਲਈ ਕੰਮ ਕਰਦਿਆਂ ਅਨੇਕ ਦੇਸਾਂ ਵਿਚ ਉਹਨੇ ਆਪਣੀ ਕਿੱਤਾਵਰ ਯੋਗਤਾ ਦੇ ਜੌਹਰ ਵੀ ਦਿਖਾਏ ਅਤੇ ਹਰੇਕ ਉਸ ਦੇਸ ਵਿਚ ਵੱਸੇ ਪੰਜਾਬੀਆਂ ਦੇ ਨਿਕਟ ਹਲਕੇ ਵਿਚ ਆਪਣੀ ਕਵਿਤਾ ਦੇ ਰੰਗ ਵੀ ਖਿੜਾਏ।

ਉਹਦੇ ਘਰ ਦੇ ਅੱਗੇ-ਪਿੱਛੇ ਦੀ ਲੈਂਡਸਕੇਪਿੰਗ ਦੇਖਦਿਆਂ-ਮਾਣਦਿਆਂ ਅਤੇ ਉਹਦੇ ਮੂੰਹੋਂ ਇਸ ਸੰਬੰਧੀ ਉਹਦੀਆਂ ਭਵਿੱਖੀ ਵਿਓਂਤਾਂ ਸੁਣਦਿਆਂ ਮਹਿਸੂਸ ਹੋਇਆ ਕਿ ਉਨਹੂੰ ਲੈਂਡਸਕੇਪਿੰਗ ਆਰਕੀਟੈਕਟ ਨਾਲੋਂ ਲੈਂਡਸਕੇਪਿੰਗ ਆਰਟਿਸਟ ਕਹਿਣਾ ਵਧੇਰੇ ਢੁਕਵਾਂ ਹੋਵੇਗਾ ਤੇ ਉਹ "ਫੁਲਾਂ, ਬੂਟਿਆਂ, ਰੰਗਾਂ, ਖੁਸ਼ਬੂਆਂ, ਪੱਥਰਾਂ ਅਤੇ ਪਾਣੀਆਂ ਦੇ ਤਲਿੱਸਮ" ਦੀ ਆਪਣੀ ਜਿਸ ਸਮਝ ਦੀ ਗੱਲ ਕਰਦਾ ਹੈ ਉਹਦੀ ਇਹ ਸਮਝ ਸ਼ਬਦਾਂ ਦੇ ਤਲਿੱਸਮ ਬਾਰੇ ਵੀ ਓਨੀ ਹੀ ਸੱਚ ਹੈ।

ਉਹ ਸ਼ਬਦਾਂ ਨੂੰ ਆਪਣੇ ਭਾਵਾਂ ਦੇ ਵਾਹਕਾਂ ਵਜੋਂ ਹੀ ਨਹੀਂ ਵਰਤਦਾ ਸਗੋਂ ਉਹਨਾਂ ਦੇ ਰੰਗ ਵੀ ਟਹਿਕਾਉਂਦਾ ਹੈ, ਉਹਨਾਂ ਦੀ ਖੁਸਬੂ ਵੀ ਮਹਿਕਾਉਂਦਾ ਹੈ ਅਤੇ ਉਹਨਾਂ ਦੀ ਧੁਨੀ ਵੀ ਜਗਾਉਂਦਾ ਹੈ। ਲੈਅ, ਸੁਰ, ਤਾਲ ਵਿਚ ਬੀੜੇ ਸ਼ਬਦ ਉਹਦੇ ਲਈ ਸਤਰੰਗੀ ਪੀਂਘ ਵੀ ਹੁੰਦੇ ਹਨ, ਪ੍ਰਕਿਰਤੀ ਦੀ ਸੁਗੰਧ ਵੀ ਅਤੇ ਸਿਤਾਰ ਦੇ ਤਾਰ ਵੀ। ਜਦੋਂ ਸਾਹਿਤਕ ਦੌਰ ਚੱਲਿਆ, ਨਾ ਕਵੀ ਨੂੰ ਕਵਿਤਾ ਸੁਣਾ ਕੇ ਰੱਜ ਆ ਰਿਹਾ ਸੀ ਅਤੇ ਨਾ ਸਾਨੂੰ ਸਰੋਤਿਆਂ ਨੂੰ ਕਵਿਤਾ ਸੁਣ ਕੇ। ਮੇਰੇ ਨਾਲ ਰਿਸ਼ਤੇਦਾਰ ਸਨ ਅਤੇ ਅਸੀਂ ਫਰੈਜ਼ਨੋਂ ਪਰਤਣਾ ਸੀ।ਫੈਸਲਾ ਇਹ ਹਇਿਆ ਕਿ ਇਹ ਬੈਠਕ ਸਾਡੇ ਸ਼ਹਿਰ ਦੇ ਨੇੜੇ ਉਹਦੀ ਬੇਟੀ ਨਵਰੀਤ ਦੇ ਘਰ ਫੇਰ ਸਜਾਈ ਜਾਵੇ।

ਨਵਰੀਤ ਡਾਕਟਰ ਹੈ ਤੇ ਉਹਦਾ ਪਤੀ ਸੂਚਨਾ ਟੈਕਨਾਲੋਜੀ ਦਾ ਗਿਆਨਵਾਨ ਹੈ। ਪਰ ਦੋਵੇਂ ਕਲਾਤਮਕ ਰੁੱਚੀਆਂ ਦੇ ਮਾਲਕ ਹਨ। ਮਾਰਗਨ ਹਿੱਲਜ਼ ਸ਼ਹਿਰ ਵਿਖੇ ਪਹਾੜੀ ਦੀ ਸਿਖਰ ਉਤੇ ਬਣੇ ਆਪਣੇ ਘਰ ਦਾ ਚੱਪਾ-ਚੱਪਾ ਉਹਨਾਂ ਨੇ ਆਪਣੇ ਹੱਥੀਂ ਸਵਾਰਿਆ - ਸ਼ਿੰਗਾਰਿਆ ਹੈ। ਵੇਹੜੇ ਵਿਚ ਜੰਗਲੀ ਹਿਰਨ ਘੁੰਮਣ ਆ ਜਾਂਦੇ ਹਨ ਅਤੇ ਘਰ ਦੇ ਪਿੱਛੇ ਝੀਲ ਤੇ ਉਹਦੇ ਪਾਰ ਪਹਾੜੀਆਂ ਦੀ ਅਦਿੱਖ ਫੈਲੀ ਹੋਈ ਲੜੀ ਹੈ।

ਇਸ ਖੁਬਸੂਰਤ ਮਾਹੌਲ ਵਿਚ ਸਾਹਿਤਕ ਮਹਿਫਲ ਦਾ ਆਨੰਦ ਹੋਰ ਵੀ ਵਧੀਕ ਸੀ। ਪਸ਼ੌਰਾ ਸਿੰਘ ਨਾਲ ਬੀਬੀ ਇੰਦਰਬੀਰ ਅਤੇ ਬੇਟਾ ਦੀਪਸ਼ ਵੀ, ਜੋ ਅੰਗਰੇਜ਼ੀ ਵਿਚ ਕਹਾਣੀਆਂ ਲਿਖਦਾ ਹੈ, ਵੀ ਆਏ ਹੋਏ ਸਨ। ਰੰਗ ਫੇਰ ਖੂਬ ਜੰਮਿਆਂ।

ਗੱਲ਼ਾ-ਗੱਲਾਂ ਵਿਚ ਮੈਂ ਰੀਓ- ਵਿਸਤਾ ਸ਼ਹਿਰ ਵਿਖੇ, ਜੋ ਉਥੋਂ 100 ਕੁ ਮੀਲ ਦੂਰ ਸੀ, ਜਗਜੀਤ ਕੋਲ ਜਾਣ ਦਾ ਜ਼ਿਕਰ ਕੀਤਾ ਤਾਂ ਪਸ਼ੌਰਾ ਸਿੰਘ ਢਿੱਲੋਂ ਨੇ ਦੱਸਿਆ ਕਿ ਉਹ ਦੋਵੇਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਹਮਜਮਾਤ ਸਨ। ਉਸੇ ਸਮੇਂ ਅਗਲੇ ਦਿਨ ਉਥੇ ਪੁੱਜਣ ਦਾ ਪ੍ਰੋਗਰਾਮ ਬਣ ਗਿਆ।

ਜਗਜੀਤ ਬਰਾੜ ਨਾਲ ਮੇਰੀ ਪਹਿਲੀ ਮੁਲਾਕਾਤ ਤਾਂ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਸਮੇਂ ਹੀ ਹੋਈ ਸੀ ਜਿਥੇ ਉਹਨੇ ਸਾਡੇ ਅਖੌਤੀ ਵਿਦਵਾਨਾਂ ਦੇ ਪਰਚਿਆਂ ਵਰਗਾ ਨਹੀਂ ਸਗੋਂ ਸਚਮੁੱਚ ਦਾ ਵਿਦਵਤਾ ਭਰਪੂਰ ਪਰਚਾ ਪੇਸ਼ ਕੀਤਾ ਸੀ। ਪਰਦੇਸ ਜਾਣ ਤੋਂ ਪਹਿਲਾਂ ਲਿਖਿਆ ਉਹਦਾ ਨਾਵਲ 'ਧੁੱਪ-ਦਰਿਆ ਦੀ ਦੋਸਤੀ; ਮੇਰੇ ਚੇਤੇ ਵਿਚ ਸੱਜਰਾ ਸੀ ਅਤੇ ਫੇਰ ਸਮੇਂ- ਸਮੇਂ ਉਹਦੇ ਸ਼ੁਭ-ਇੱਛਕ ਕਾਰਡ ਤੇ ਖਤ ਆਉਂਦੇ ਰਹੇ ਸਨ। ਉਹ ਜਿੰਨਾ ਖੁਬਸੂਰਤ ਤੇ ਮੁਹਖੋਰਾ ਇਨਸਾਨ ਹੈ, ਓਨਾ ਹੀ ਸਾਹਿਤਕ, ਸੱਭਿਆਚਾਰਕ, ਸਮਾਜਕ, ਆਰਥਕ ਅਤੇ ਰਾਜਨੀਤਕ ਮਾਮਲਿਆਂ ਦਾ ਗਿਆਨਵਾਨ ਹੈ। ਉਹਦੀਆਂ ਗਹਿਰ -ਗੰਭੀਰ ਗੱਲਾਂ ਅਤੇ ਪਸ਼ੌਰਾ ਸਿੰਘ ਢਿੱਲੋਂ ਦੀਆਂ ਦਿਲ ਦੇ ਸਾਜ਼ ਉਤੇ ਗਾਈਆਂ ਕਵਿਤਾਵਾਂ ਨੇ ਉਥੇ ਖੂਬ ਸਮਾਂ ਬੰਨ੍ਹਿਆਂ।

ਪਸ਼ੌਰਾ ਸਿੰਘ ਢਿੱਲੋਂ ਦੀਆਂ ਕਵਿਤਾਵਾਂ ਵਿਚ ਭਰਪੂਰ ਵੰਨਸੁਵੰਨਤਾ ਸੀ। ਇਹਨਾਂ ਕਵਿਤਾਵਾਂ ਵਿਚ ਚੰਗੇਰੇ ਜੀਵਨ ਦੀ ਭਾਲ ਵਿਚ ਮਜਬੂਰੀ-ਵੱਸ ਦੇਸ ਛੱਡਣਾ ਪਿਆ ਹੋਣ ਦਾ ਪਛਤਾਵਾ

ਸੀ। ਉਹ ਕੇਵਲ ਆਪਣੇ ਮਾਂ-ਪਿਓ ਪ੍ਰਤੀ ਹੀ ਨਹੀਂ ਸਗੋਂ ਆਪਣੇ ਪਿੰਡ ਦੇ ਸਭ 'ਜੂਨ-ਖਰਾਬਾਂ' ਪ੍ਰਤੀ ਆਪਣੀ ਦੇਣਦਾਰੀ ਦੇ ਭਾਰ ਹੇਠ ਦੱਬਿਆ ਮਹਿਸੂਸ ਕਰ ਰਿਹਾ ਸੀ:

ਮਾਂ ਸੇਜਲ ਨੈਣੀਂ ਤੱਕਦੀ ਰਈ,
ਜੂਹ ਪਾਰ ਲੰਘਾ ਪਿਓ ਮੁੜ ਆਇਆ।
ਉਹ ਮੇਰੀਆਂ ਮੰਨਤਾਂ ਮੰਨਦੇ ਰਹੇ,
ਖ਼ੁਦ ਜੀਉਂਦੇ ਜੀਣ ਆਜ਼ਾਬਾਂ ਦਾ। . . .
ਲੈ ਚਮਕ ਅਮਾਨਤ ਤੁਰ ਆਇਆਂ,
ਸੰਗ ਚੰਨ-ਚਾਨਣੀ ਰਲਿਆ ਹਾਂ,
ਮੇਰੇ ਸਿਰ ਤੋਂ ਕਰਜ਼ਾ ਨਈਂ ਲਹਿਣਾ,
ਮੇਰੇ ਪਿੰਡ ਦੇ ਜੂਨ-ਖਰਾਬਾਂ ਦਾ।

(ਕੀ ਰੱਖੀਏ ਨਾਂ ਇਸ ਆਲਮ ਦਾ)

ਇਹਨਾਂ ਕਵਿਤਾਵਾਂ ਵਿਚ ਪੰਜਾਬੀਆਂ ਵਲੋਂ ਪਿੱਪਲਾਂ, ਬੋਹੜਾਂ ਅਤੇ ਟਾਹਲਆਂ ਵਰਗੇ ਪੁਖਤਾ ਤੇ ਘਣਛਾਵੇਂ ਸੱਭਿਆਚਾਰ ਨੂੰ ਛੱਡ ਕੇ ਸਫੈਦਿਆਂ ਵਰਗਾ ਫੋਕਾ ਤੇ ਛਾਂ-ਰਹਿਤ ਸੱਭਿਆਚਾਰ ਅਪਣਾਏ ਜਾਣ ਦਾ ਰੋਸ ਵੀ ਸੀ ।ਪਿੱਪਲਾਂ, ਬੋਹੜਾਂ, ਤੇ ਟਾਹਲਆਂ, ਸਫੈਦਆਂ ਅਤੇ ਪੀਂਘਾਂ ਵਰਗੇ ਸਾਧਾਰਨ ਸ਼ਬਦਾਂ ਨੂੰ ਉਹਨੇ ਜਿਸ ਢੰਗ ਨਾਲ ਵਡੇਰੇ ਅਤੇ ਡੂੰਘੇ ਅਰਥ ਦਿਤੇ ਸਨ, ਉਹ ਵੇਖਣ ਵਾਲਾ ਸੀ ।

ਪਿੱਪਲਾਂ ਦੇ ਸੰਗ ਬੋਹੜ ਗੰਵਾ ਲਏ,
ਬੋਹੜਾਂ ਦੇ ਸੰਗ ਛਾਵਾਂ।
ਟਾਹਲੀਆਂ ਗਈਆਂ ਆਏ ਸਫੈਦੇ,
ਪੀਂਘਾਂ ਕਿੱਥੇ ਪਾਵਾਂ।

(ਪੀਂਘਾਂ ਕਿੱਥੇ ਪਾਵਾਂ)

ਤੇ ਆਪਣੇ ਮਹਾਂਪੁਰਖਾਂ ਦੇ ਦੱਸੇ ਹੱਕ-ਸੱਚ ਦੇ ਰਾਹ ਤੋਂ ਔਟਲ ਕੇ ਅਖੌਤੀ ਆਗੂਆਂ ਦੇ ਔਝੜ ਪੈ ਜਾਣ ਦਾ ਝੋਰਾ ਵੀ ਸੀ:

ਸ਼ਾਡੇ ਰਹਿਬਰ ਦੀ ਤੇ ਦਿੱਬ-ਦ੍ਰਿਸ਼ਟੀ ਸੀ,
ਕੀ ਹੋਇਆ ਰਹਿਬਰ ਦੇ ਪੈਰੋਕਾਰਾਂ ਨੂੰ।

(ਏਨੇ ਫੁੱਲ ਉਗਾ)

ਦੇਸ ਦੀ ਕਿਸਾਨੀ, ਜਿਸ  ਨਾਲ ਕਵੀ ਦਾ ਲਹੂ-ਮਾਸ ਦਾ ਨਾਤਾ ਹੈ ਅਤੇ ਜਿਸਨੂੰ ਉਹ ਆਰਥਕਤਾ ਦੀ ਚੂਲ ਸਮਝਦਾ ਹੈ, ਦੀ ਦੁਰਦਸ਼ਾ ਦੇ ਉਹ ਦੋ ਮੂਲ ਕਾਰਣ ਸਮਝਦਾ ਹੈ-ਆਰਥਕ ਲੁੱਟ-ਖੋਹ ਦਾ ਸ਼ਿਕਾਰ ਹੋਣਾ ਅਤੇ ਅੰਧ-ਵਿਸ਼ਵਾਸ਼ਾਂ ਵਿਚ ਗਰਕੇ ਹੋਏ ਹੋਣਾ:

(ਕਿਸਾਨੀ) ਦਿਨੇ ਲੁੱਟ ਲਈ ਚੋਰ-ਬਾਜ਼ਾਰੀਆਂ ਨੇ,
ਰਾਤੀਂ ਚੂੰਢ ਲਈ ਸਾਧਾਂ ਦਿਆਂ ਡੇਰਿਆਂ ਨੇ।

(ਹਿੰਦੁਸਤਾਨ ਦੇ ਭਾਗ)

ਕਿਸਾਨੀ ਨੂੰ ਇਸ ਮੰਦਹਾਲੀ ਵਿਚੋਂ ਨਿਕਲਣ ਲਈ ਵੰਗਾਰਨ ਵਾਸਤੇ ਉਹਨੇ ਦੇਸ਼ਭਗਤ ਅਜੀਤ ਸਿੰਘ ਅਤੇ ਉਹਦੇ ਸਾਥੀਆਂ ਵਲੋਂ ਇੱਕ ਸਦੀ ਪਹਿਲਾਂ ਦਿੱਤਾ ਗਿਆ ਨਾਹਰਾ ਫੇਰ ਬੁਲੰਦ ਕੀਤਾ:

ਉਠਿਆਂ ਏ ਫੇਰ ਤੇਰੀ ਹੋਂਦ ਦਾ ਸਵਾਲ ਓਏ,
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਏ ।

(ਪਗੜੀ ਸੰਭਾਲ ਜੱਟਾ)

ਕਿਸਾਨੀ ਦੀ ਨਿਘਰੀ ਹਾਲਤ ਵਾਂਗ ਹੀ ਸਮੁੱਚੇ ਦੇਸ ਦੇ ਆਮ ਲੋਕਾਂ ਦੀ ਬਦਹਾਲ ਜ਼ਿੰਦਗੀ ਅਤੇ ਉਹਦੇ ਆਰਥਕ-ਰਾਜਨੀਤਕ ਕਾਰਨ ਵੀ ਕਵੀ ਸਾਹਮਣੇ ਸਪਸ਼ਟ ਹਨ:

ਕਿਸਮਤ ਕੁੱਲ ਜਹਾਨ ਦੀ ਤੇਜ਼ ਹੋਈ,
ਲਿਸ਼ਕੇ ਭਾਗ ਕਿਉਂ ਨਈਂ ਹਿੰਦੁਸਤਾਨ ਤੇਰੇ।
ਨੀਵੀਂ ਨਜ਼ਰ ਉਦਾਸ ਮਾਯੂਸ ਚੇਹਰੇ,
ਰੁਲਦੇ ਸਿੱਖ ਹਿੰਦੂ ਮੁਸਲਮਾਨ ਤੇਰੇ।
ਅਸੀਂ ਹੋ ਕੇ ਵੀ ਨਹੀਂ ਆਜ਼ਾਦ ਹੋਏ,
ਕਿਉਂ ਨਹੀਂ ਪੁਛਦੇ ਲੋਕ ਸਵਾਲ ਯਾਰੋ।
ਦੇਵਾਂ ਦੋਸ ਹੁਣ ਕਿਹੜੇ ਫਰੰਗੀਆਂ ਨੂੰ,
ਵਧ ਕੇ ਦੇਸੀਆਂ ਕੀਤੀ ਕਮਾਲ ਯਾਰੋ।

(ਹਿੰਦੁਸਤਾਨ ਦੇ ਭਾਗ)

ਇਹਨਾਂ ਸਾਰੇ ਮੌਕਿਆਂ ਉਤੇ ਸੁਣੀਆਂ ਸਾਰੀਆਂ ਕਵਿਤਾਵਾਂ ਨੇ ਮੇਰੇ ਸਾਹਮਣੇ ਆਪਣਾ ਦੂਹਰਾ ਮਹੱਤਵ ਉਜਾਗਰ ਕੀਤਾ: ਦੇਸ ਦੀ ਵਰਤਮਾਨ ਹਾਲਤ ਵੱਲ ਦੇਖਦਿਆਂ ਉਹਨਾਂ ਦੀ ਪ੍ਰਸੰਗਿਕਤਾ ਅਤੇ ਭਾਈਚਾਰਕ, ਸਮਾਜਕ, ਸੱਭਿਆਚਾਰਕ, ਆਰਥਕ, ਰਾਜਨੀਤਕ ਆਦਿ ਵਿਸ਼ਿਆਂ ਨੂੰ ਕਲਾਮਈ ਢੰਗ ਨਾਲ ਪੇਸ਼ ਕਰਨ ਦੀ ਉਹਨਾਂ ਦੀ ਸਮ੍ਰੱਥਾ। ਤੇ ਇਹਦੇ ਨਾਲ ਹੀ ਉਜਾਗਰ

ਹੋਇਆ ਕਵੀ ਦਾ ਅਮਰੀਕੀ ਪੰਜਾਬੀ ਪੱਤਰਾਂ ਤੇ ਸਭਾਵਾਂ ਤੱਕ ਸੀਮਤ ਰਹਿਣਾ ਅਤੇ ਭਾਰਤੀ ਪੰਜਾਬੀ ਪਾਟਕਾਂ ਤੱਕ ਪੁਜਣ ਵੱਲੋਂ ਅਵੇਸਲੇ ਰਹਿਣਾ।

ਸੁਭਾਵਕ ਸੀ ਕਿ ਮੈਂ ਕਵੀ ਦਾ ਧਿਆਨ ਉਸਦੀ ਇਸ ਬੇਪਰਵਾਹੀ ਵੱਲ ਖਿਚਦਾ ਅਤੇ ਉਹਨੂੰ ਪੰਜਾਬੀ ਪਾਠਕ-ਸਮੂਹ ਤੱਕ ਪੁਜਣ ਦਾ ਉਪਰਾਲਾ ਕਰਨ ਲਈ ਪੂਰੇ ਜ਼ੋਰ ਨਾਲ ਪ੍ਰੇਰਦਾ, ਜਿੰਨਾਂ ਜ਼ੋਰ ਮੈਂ ਇੱਕ ਰਿਸ਼ਤੇਦਾਰ, ਮਿੱਤਰ, ਸਰੋਤੇ ਅਤੇ ਸਮਕਾਲੀ ਲੇਖਕ ਵਜੋਂ ਪਾ ਸਕਦਾ ਸੀ।

ਮੈਨੂੰ ਖੁਸ਼ੀ ਹੈ ਕਿ ਇਹ ਜ਼ੋਰਦਾਰ ਪ੍ਰੇਰਨਾ ਰੰਗ ਲਿਆਈ ਅਤੇ ਛੇਤੀ ਹੀ ਕਵਿਤਾਵਾਂ ਦਾ ਖਰੜਾ ਮੇਰੇ ਹੱਥਾਂ ਵਿਚ ਪਹੁੰਚ ਗਿਆ।

*** *** ***

ਇਸ ਸੰਗ੍ਰਹਿ ਵਿਚ ਸ਼ਾਮਲ ਕਵਿਤਾਵਾਂ ਪੜ੍ਹ ਕੇ ਵੱਡੀ ਤਸੱਲੀ ਇਸ ਤੱਤ ਦੀ ਹੋਈ ਕਿ ਇਹ ਸਾਰੀਆਂ ਦੀਆਂ ਸਾਰੀਆਂ ਉਸੇ ਲੋਕਮੁਖ ਰੰਗ ਵਿਚ ਰੰਗੀਆਂ ਹੋਈਆਂ ਸਨ ਜਿਹੜਾ ਕਵੀ ਦੇ ਮੂੰਹੋਂ ਸੁਣੀਆਂ ਹੋਈਆਂ ਕਵਿਤਾਵਾਂ ਵਿਚ ਲਿਸ਼ਕਦਾ ਸੀ। ਬਹੁਤ ਵਾਰ ਅਜੇਹਾ ਹੁੰਦਾ ਹੈ ਕਿ ਲੇਖਕ ਦੀਆਂ ਚੋਣਵੀਆਂ ਰਚਨਾਵਾਂ, ਜੋ ਉਹ ਮਹਿਫਲਾਂ ਜਾਂ ਸਭਾਵਾਂ ਵਿਚ ਪੇਸ਼ ਕਰਦਾ ਹੈ, ਵਾਲਾ ਰੰਗ ਉਹਦੀ ਸਮੁੱਚੀ ਰਚਨਾ ਵਿਚ ਪਤਲਾ ਪੈ ਜਾਂਦਾ ਹੈ। ਪਰ ਇਸ ਸੂਰਤ ਵਿਚ ਅਜੇਹਾ ਨਹੀਂ ਸੀ ਹੋਇਆ।

ਪਸ਼ੌਰਾ ਸਿੰਘ ਢਿੱਲੋਂ ਨੂੰ ਪਰਦੇਸ ਗਿਆਂ ਵਰ੍ਹੇ ਬੀਤ ਗਏ ਹਨ। ਪਰਦੇਸੀ ਪੰਜਾਬੀਆਂ ਬਾਰੇ ਇਧਰਲੇ ਲੋਕਾਂ ਨੂੰ ਇਹ ਭਰਮ ਹੈ ਕਿ ਉਹ ਬਾਦਸ਼ਾਹੀ ਜੀਵਨ ਮਾਣਦੇ ਹਨ। ਜਾਨ-ਤੋੜ ਮਿਹਨਤ ਨਾਲ ਕਮਾਏ ਉਹਨਾਂ ਦੇ ਡਾਲਰ ਇਧਰਲਿਆਂ ਨੂੰ ਬਿਰਛਾਂ ਨਾਲ ਲੱਗੇ ਅਤੇ ਸੌਖਿਆਂ ਹੀ ਤੋੜੇ ਹੋਏ ਦਿਸਦੇ ਹਨ। ਇਧਰੋਂ ਲੋਕ ਇਹ ਡਾਲਰ ਹਥਿਆਉਣ ਲਈ ਭਾਂਤ-ਭਾਂਤ ਦੇ ਭੇਖ ਧਾਰ ਕੇ ਉਧਰ ਜਾਂਦੇ ਹਨ। ਇਹਨਾਂ ਵਿਚੋਂ ਸਿਰਮੌਰ ਨੇ 'ਸੰਤ' ਜੋ ਧਰਮ ਦੇ ਆਸਰੇ ਡਾਲਰ ਹੂੰਝ ਕੇ ਲਿਆਉਂਦੇ ਹਨ। ਕਵੀ ਉਹਨਾਂ ਦੀ ਅਖੌਤੀ ਧਾਰਮਿਕਤਾ ਨੂੰ ਨੰਗਾ ਕਰਦਾ ਹੈ ਅਤੇ ਉਹਨਾਂ ਉਤੇ ਵਿਅੰਗ ਬਾਣ ਕਸਦਾ ਹੈ:

ਸੰਤਾਂ ਦੇ ਸੁਣ ਫੀਸਾਂ ਚੰਦੇ।
ਲਾਲੋ ਦਾ ਅੱਜ ਸੀਨਾ ਕੰਬੇ।
ਦੋ ਦੋ ਜੌਬਾਂ ਕਰ ਕਰ ਹੰਬੇ।
ਹੱਥ ਜੇਬਾਂ ਵੱਲ ਜਾਣੋ ਸੰਗੇ।. . .
ਕਿੱਥੇ ਨਾਨਕ ਤੇ ਮਰਦਾਨਾ।
'ਰਿਦੇ ਗ਼ਰੀਬੀ ਰੰਗ ਮਸਤਾਨਾ।
ਲਾਲੋ ਤੱਕੇ ਰਾਹ ਨਿਮਾਣਾ।
ਸੰਤਾਂ ਦਾ ਅਜ ਹੋਰ ਟਿਕਾਣਾ।

ਮਾਇਆ ਹਸਦੀ ਸ਼ਰਧਾ ਰੋਈ।
ਨਾਨਕ ਦੁਨੀਆਂ ਕੈਸੀ ਹੋਈ।

(ਸਾਲਕੁ ਮੀਤ ਨਾ ਰਹਿਓ ਕੋਈ)

ਕਵੀ ਦੇ ਅਪਨਾਏ ਦੇਸ ਦੀ ਜੀਵਨ-ਸ਼ੈਲੀ ਅਤੇ ਰਹਿਤਲ ਦੇ ਅਨੇਕ ਪੱਖ ਅਜਿਹੇ ਹਨ ਜੋ ਰੀਸ ਕਰਨ ਦੇ ਜੋਗ ਹਨ, ਉਹਨਾਂ ਵਿਚ ਇੱਕ ਹੈ ਸਮਾਜ ਵਿਚ ਇਸਤਰੀ ਦਾ ਸਥਾਨ। ਉਸ ਵੱਲ ਦੇਖਦਿਆਂ ਉਸਨੂੰ ਸਾਡੇ ਦੇਸ ਵਿਚ ਇਸਤਰੀ ਵੱਲ ਸਮੁੱਚੇ ਰਵਈਏ ਬਾਰੇ, ਖਾਸ ਕਰਕੇ ਭਰੂਨ-ਹੱਤਿਆ ਜਿਹੇ ਵਹਿਸ਼ੀ ਵਰਤਾਰੇ ਬਾਰੇ ਬੇਹੱਦ ਰੋਸ ਹੈ। ਹਰ ਸੂਝਵਾਨ ਮਨੁੱਖ ਵਾਂਗ ਉਹਦੇ ਲਈ ਮੁੰਡੇ ਅਤੇ ਕੁੜੀ ਦਾ ਫਰਕ ਕੋਈ ਅਰਥ ਨਹੀਂ ਰਖਦਾ। ਸਗੋਂ ਧੀਆਂ ਵਧ ਕਦਰਯੋਗ ਹਨ:

ਪੁੱਤਰ ਜੇ ਆਨ ਘਰਾਂ ਦੀ ਨੀ,
ਧੀਆਂ ਈਮਾਨ 'ਗਰਾਂ ਦੀ ਨੀ।
ਧੀ ਰੌਣਕ ਬਾਬੁਲ ਵੇਹੜੇ ਦੀ,
ਸੁੱਖ ਮੰਗਦੀ ਹਰਦਮ ਮਾਂ ਦੀ ਨੀ।
ਕਿਉਂ ਹੱਤਿਆ ਫੇਰ ਭਰੂਨਾ ਦੀ,
ਕੀ ਮਾਵਾਂ ਦਾ ਕਿਰਦਾਰ ਕੁੜੇ।

(ਜੇ ਪੁੱਤਰ ਹਟਾਂ ਤੇ ਨਈ੍ਹੀਂ ਵਿਕਦੇ)

ਉਹ ਕਿਹੜਾ ਕੰਮ ਹੈ ਜੋ ਪੁੱਤਰ ਕਰ ਸਕਦਾ ਹੈ , ਪਰ ਧੀਆਂ ਨਹੀਂ:

ਧੀ ਕਦ ਕਮਜ਼ੋਰ ਨਿਮਾਣੀ ਨੀ।
ਧੀ ਭਾਗੋ  ਨੀ ਧੀ  ਭਾਨੀ ਨੀ।
ਇਹ ਜਣਨੀ ਹੈ ਰਾਜਾਨਾਂ ਦੀ ,
ਇਹਦੀ ਲੰਮੀ ਅਮਰ-ਕਹਾਣੀ ਨੀ।

(ਜੇ ਪੁੱਤਰ ਹਟਾਂ ਤੇ ਨਈ੍ਹੀਂ ਵਿਕਦੇ)

ਆਦਿਕਾਲ ਤੋਂ ਮਨੁੱਖ ਜਾਤੀ ਦੀ ਸਭ ਤੋਂ ਵੱਡੀ ਸਮੱਸਿਆ ਆਰਥਕ ਵਸੀਲਿਆਂ ਦੀ ਕਾਣੀ ਵੰਡ ਰਹੀ ਹੈ। ਸਮਾਜਕ-ਆਰਥਕ ਵੰਡ ਕੋਈ ਵੀ ਆਈ, ਇਹ ਕਾਣੀ ਵੰਡ ਜਿਉਂ ਦੀ ਤਿਉਂ ਰਹੀ। ਇੱਕ ਪਾਸੇ ਦੀ ਅਮੀਰੀ ਦੇ ਵਾਧੇ ਨਾਲ ਦੂਜੇ ਪਾਸੇ ਦੀ ਗ਼ਰੀਬੀ ਵਧਦੀ ਹੀ ਰਹੀ ਹੈ।ਟਿੱਬਾ ਜਿੰਨਾ ਉੱਚਾ ਹੋਵੇਗਾ , ਲਾਜ਼ਮੀ ਹੈ ਕਿ ਟੋਆ ਓਨਾ ਹੀ ਡੂੰਘਾ ਹੋਵੇਗਾ।ਆਪਣੀ ਸਮੱਚੀ ਰਚਨਾ ਵਿਚ ਪਸ਼ੌਰਾ ਸਿੰਘ ਢਿੱਲੋਂ ਲਾਲੋਆਂ ਅਤੇ ਭਾਗੋਆਂ ਦੀ ਧੜੇ-ਵੰਡ  ਵਿਚ ਪੱਕੀ ਤਰਾਂ ਲਾਲੋਆਂ ਦੇ ਨਾਲ ਖਲੋਤਾ ਹੈ। ਉਹ ਉਨਾਂ ਦੀ ਸੁਖ-ਵਿਹੂਣੀ ਜ਼ਿੰਦਗੀ ਨੂੰ ਮਹਿਸੂਸ ਹੀ

ਨਹੀਂ ਕਰਦਾ, ਉਹਦੇ ਕਾਰਣ ਵੀ ਭਲੀ ਭਾਂਤ ਸਮਝਦਾ ਹੈ। ਉਹਨੂੰ ਮਨੁੱਖ ਦੀ ਨਿਘਰੀ ਹਾਲਤ ਦਾ ਝੋਰਾ ਹੈ, ਪਰ ਉਹ ਹੰਭਲਾ ਮਾਰ ਕੇ ਇਸ ਹਾਲਤ ਵਿਚੋਂ ਨਿਕਲ ਸਕਣ ਦੀ ਉਹਦੀ ਸਮਰੱਥਾ ਦਾ ਪੱਕਾ ਵਿਸ਼ਵਾਸੀ ਹੈ। ਆਸ਼ਾਵਾਦ ਉਹਦੀਆਂ ਕਵਿਤਾਵਾਂ ਵਿਚ ਫੁੱਲ ਦੀ ਰੰਗਤ ਅਤੇ ਖੁਸ਼ਬੂ ਵਾਂਗ ਰਚਿਆ-ਵਸਿਆ ਹੋਇਆ ਹੈ।

ਉਹ ਆਪਣੀ ਪੁਸਤਕ ਦੇ ਆਰੰਭ ਵਿਚ ਕੀਤੀ ਗਈ ਦੁਆ ਰਾਹੀਂ ਹੀ ਆਪਣਾ ਅਕੀਦਾ ਸਪੱਸ਼ਟ ਕਰ ਦਿੰਦਾ ਹੈ:

ਮੇਰੇ ਇਹਸਾਸ ਨੂੰ ਕਿਰਦਾਰ ਨੂੰ ਉਹ ਨਿਮਰਤਾ ਦੇਵੀਂ,
ਮੈਂ ਤੇਰੇ ਲਾਲੋਆਂ ਦਾ ਥਹੁ-ਪਤਾ ਹੀ ਭੁੱਲ ਨਾ ਜਾਵਾਂ।

(ਦੁਆ)

ਉਹ ਇਹ ਵੀ ਸਪੱਸ਼ਟ ਕਰ ਦਿੰਦਾ ਹੈ ਕਿ ਉਹਦੇ ਗੀਤਾਂ ਦੇ ਨੈਣਾਂ ਵਿਚ ਵੀ ਬਿਰਹੋਂ ਦੀ ਰੜਕ ਤਾਂ ਪੈਂਦੀ ਹੈ, ਪਰ ਉਹ ਕੁਝ ਕਵੀਆਂ ਵਾਂਗ ਬੇਬਸ ਹੋ ਕੇ ਚੌਰਾਹੇ ਵਿਚ ਬੈਠ ਕੇ ਰੋਂਦਾ ਨਹੀਂ:

ਗੀਤਕਰ ਹਾਂ ਮੈਂ ਜ਼ਿੰਦਗੀ ਦੇ ਗੀਤ ਲਿਖਦਾ ਹਾਂ। . . .
ਮੇਰੇ ਗੀਤਾਂ ਦਿਆਂ ਨੈਣ 'ਚ ਬਿਰਹੋਂ ਰੜਕ ਵੀ ਪੈਂਦੀ।
ਕਦੇ ਪਰ ਬੇਬਸੀ ਮੇਰੀ ਚੌਰਾਹੇ ਰੋਣ ਨਹੀਂ ਬਹਿੰਦੀ।

(ਜ਼ਿੰਦਗੀ ਦੇ ਗੀਤ)

ਸ਼ਮਾਜਕ ਅਹੁਰਾਂ ਵਾਂਗ ਕਵੀ ਸਾਹਿਤਕ ਮਰਜ਼ਾਂ ਬਾਰੇ ਵੀ ਜਾਗ੍ਰਿਤ ਹੈ। ਇਸੇ ਕਰਕੇ ਉਹ ਮਾਣਾਂ-ਸਨਮਾਨਾਂ ਅਤੇ ਕੁਰਸੀਆਂ ਦੀ ਲੇਖਕੀ ਲਾਲਸਾ ਤੋਂ ਮੁਕਤ ਰਹਿ ਕੇ ਆਪਣਾ ਸਾਹਿਤਕ ਕਾਰਜ ਕਰ ਸਕਿਆ ਅਤੇ ਸਹਿਤਕ ਫਰਜ਼ ਨਿਭਾ ਸਕਿਆ ਹੈ:

ਕਲਮਾਂ ਦੇ ਇਹ ਧਨੰਤਰ ਗਾਲ੍ਹਾਂ ਦੇ ਵੀ ਧਨੀ ਨੇ,
ਦਿਲ 'ਚੋਂ ਦਵੈਤ ਉੱਠ ਕੇ ਜ਼ੁਬਾਨ ਤੀਕ ਪਹੁੰਚੀ।
ਪਗੜੀ ਦੀ ਖੈਰ-ਸੱਲਾ, ਕੁਰਸੀ ਨਾ ਜਾਏ ਅੱਲਾ,
ਸਨਮਾਨ ਦੀ ਲੜਾਈ ਅਪਮਾਨ ਤੀਕ ਪਹੁੰਚੀ।

(ਅਦਬੀ ਖਾਨਾਜੰਗੀ)

ਇਸ ਸਵਾਰਥ ਅਤੇ ਆਪਾਧਾਪੀ ਦੇ ਮਾਹੌਲ ਵਿਚ ਉਹਦਾ ਮੱਤ ਹੈ:

ਲੋੜ ਹੈ ਅੱਜ ਸੋਚਦੇ ਇਨਸਾਨ ਦੀ।
ਲੋੜ ਹੈ ਅੱਜ ਵਕਤ ਦੀ ਪਹਿਚਾਨ ਦੀ।

(ਵਕਤ ਦੀ ਪਹਿਚਾਨ)

ਪਰ ਲੋੜੀਂਦੇ ਨਿਰਸੁਆਰਥ ਅਤੇ ਨਿਸ਼ਕਾਮ ਇਨਸਾਨ ਦੀ ਥਾਂ ਅੱਜ ਦਾ ਇਨਸਾਨ ਹੋ ਕਿਹੋ ਜਿਹਾ ਗਿਆ ਹੈ:

ਜਿਸ ਟਾਹਣੀ ਤੇ ਬੈਠੇ ਕਟਦੇ ਜਾਂਦੇ ਹਾਂ।
ਦਾਈਏ ਉਮਰਾਂ ਲੰਮੇ ਲਾਈ ਫਿਰਦੇ ਹਾਂ।
ਤੌਕ ਗਲਾਂ 'ਚੋਂ ਲਾਹੁਣ ਦੀ ਸੋਝੀ ਕੌਣ ਦਵੇ,
ਕੈਂਠੇ ਵਾਂਗੂੰ ਭਾਰ ਉਠਾਈ ਫਿਰਦੇ ਹਾਂ।

(ਚੱਕੀ)

ਅੱਜ ਦੇ ਇਨਸਾਨ ਦੀ ਇਹ ਬਦਕਿਸਮਤੀ ਹੈ ਕਿ ਉਹ ਤੌਕ ਨੂੰ ਲਾਅਨਤੀ ਤੌਕ ਸਮਝਣ ਦੀ ਸੋਝੀ ਹੋਣ ਦੀ ਥਾਂ ਤੌਕ ਨੂੰ ਪਹਿਨਣਯੋਗ ਅਤੇ ਪ੍ਰਦਰਸ਼ਨਯੋਗ ਕੈਂਠਾ ਸਮਝੀ ਬੈਠਾ ਹੈ। ਤੇ ਉਸ ਦੀ ਇਸ ਸੂਝ-ਸਮਝ ਵਿਚ , ਜਾਂ ਕਹਿ ਲਵੋ ਕਿ ਸੂਝ-ਸਮਝ ਦੀ ਘਾਟ ਵਿਚ ਕੋਈਂ ਫਰਕ ਨਹੀਂ ਪੈ ਰਿਹਾ। ਇਸੇ ਕਾਰਣ ਮਨੁੱਖ ਭਵਿੱਖਮੁਖ ਹੋਣ ਦੀ ਥਾਂ ਪਿਛਲਖੁਰੀ ਸਫਰ ਉਤੇ ਤੁਰਿਆ ਹੋਇਆ ਹੈ:

ਚੜ੍ਹਦੀ ਸਦੀ ਤੋਂ ਝਿਜਕਦਾ,
ਮੁੜ ਸੋਲਵੀਂ ਵਿਚ ਵੜ ਰਿਹਾ।
ਇੱਕ ਪੈਰ ਅੱਗੇ ਪੁਟਦਾ;
ਦੋ ਕਦਮ ਪਿੱਛੇ ਧਰ ਰਿਹਾ।

(ਡਾਈਨੋਸਾਰ ਦਾ ਕੂਚ)

ਅਤੇ ਉਸਨੂੰ ਚੁਰੱਸਤੇ ਉਤੇ ਪੁੱਜ ਕੇ ਠੀਕ ਰਾਹ ਦੀ ਪਛਾਣ ਨਹੀਂ ਰਹਿੰਦੀ:

ਛੁੱਰਸਤੇ ਤੋਂ ਹੀ ਇੱਕ ਰਸਤਾ,
ਸੀ ਰੰਗ ਤੇ ਰੌਸ਼ਨੀ ਵਾਲਾ।
ਦਸਦੈ ਮੀਲ-ਪੱਥਰ ਤਾਂ
ਚੜ੍ਹੇ ਹਾਂ ਹੋਰ ਹੀ ਸੜਕੇ।

(ਅਸੀਂ ਪਾਹਰੂ ਬਣੇ)

ਇਨਹਾਂ ਸਭ ਕੁਰਾਹਿਆਂ ਦਾ ਹੀ ਨਤੀਜਾ ਹੈ ਕਿ ਮਨੁੱਖ ਅਤੇ ਮਨੁੱਖ ਵਿਚਕਾਰ ਆਰਥਕ ਪਾੜਾ ਹੈ, ਜੋ ਮਨੁੱਖਜਾਤੀ ਦੇ ਨਿਘਾਰ ਦਾ ਮੁੱਖ ਕਾਰਨ ਹੈ, ਹੋਰ ਵਧਦਾ ਜਾਂਦਾ ਹੈ। ਕਵੀ ਨੂੰ ਗਰੀਬੀ ਦੇ ਟੋਏ ਹੋਰ ਡੂੰਘੇ ਹੋ ਗਏ ਦਿਸਦੇ ਹਨ ਅਤੇ ਇਸ ਵਰਤਾਰੇ ਦੇ ਕਾਰਨ ਵੀ ਸਪੱਸ਼ਟ ਦਿਖਾਈ ਦੇਂਦੇ ਹਨ:

ਟੋਏ ਗ਼ਰੀਬੀ ਦੇ ਹੁੰਦੇ ਨਾ ਡੂੰਘੇ,
ਜੇ ਮਹਿਲਾਂ ਤੇ ਵਾਧੂ ਮੁਨਾਰਾ ਨਾ ਹੁੰਦਾ।

(ਤੇਰੀ ਦੀਦ)

ਆਰਥਕ ਪਾੜੇ ਦੀ ਇੱਕ ਸਹਿ-ਉਪਜ ਸਾਧਨ-ਮਾਲਕ ਲੋਕਾਂ ਦੀ ਹਾਬੜ ਹੁੰਦੀ ਹੈ। ਉਹਨਾਂ ਦੀ ਲਾਲਾਸਾ ਆਪਣੀਆਂ ਰੀਝਾਂ ਦੀ ਪੂਰਤੀ, ਰੱਜ-ਰੱਜ ਪੂਰਤੀ ਤੋਂ ਬਹੁਤ ਅੱਗੇ ਵਧ ਕੇ 'ਵਾਧੂਮੁਨਾਰੇ' ਉਸਾਰਨ ਉਤੇ ਜਾ ਪੁਜਦੀ ਹੈ। ਵਾਧੂ ਮੁਨਾਰਿਆਂ ਦੀ ਉਸਾਰੀ ਪਾਟੇ ਸਮਾਜ ਵਿਚ ਹੀ ਸੰਭਵ ਹੈ ਜਿਸ ਕਰਕੇ ਧਰਮਾਂ, ਨਸਲਾਂ ਅਤੇ ਜਾਤਾਂ ਦੇ ਪਾੜੇ ਪਾਏ ਜਾਂਦੇ ਹਨ। ਤੇ ਇਹ ਵੀ ਇਹਨਾਂ ਵਾਧੂ ਮੁਨਾਰਿਆਂ ਦੀ ਉਸਾਰੀ ਦੀ ਦੌੜ ਹੀ ਹੈ ਜੋ ਪਾਣੀਆਂ ਦੀ ਬੂੰਦ-ਬੂੰਦ ਵਿਚ ਜ਼ਹਿਰ ਘੋਲਦੀ ਹੈ ਅਤੇ ਹਵਾ ਨੂੰ ਰੋਗੀ ਬਣਨਾਉਂਦੀ ਹੈ। ਇਸੇ ਕਰਕੇ ਮਨੁੱਖ ਦੀ ਇਸ ਅਣ-ਮਨੁੱਖਤਾ ਦਾ ਸ਼ਿਕਾਰ ਹੋਈ ਧਰਤੀ, ਅੰਬਰ ਦੀ ਸ਼ਹਿਜ਼ਾਦੀ ਕੋਲ, ਹੁਣ ਧਰਤ-ਭਗੌੜਾ ਆਦਮੀ ਜਿਸਦਾ ਦਰ ਮੱਲਣ ਲਈ ਉਤਾਵਲਾ ਹੋਇਆ ਪਿਆ ਹੈ, ਫਰਿਆਦ ਕਰਦੀ ਹੈ:

ਮੇਰਾ ਚੂੰਢ ਕਲੇਜਾ ਖਾ ਗਏ,
ਇਹਦੇ ਧਰਮ, ਨਸਲ ਤੇ ਜ਼ਾਤ। . . .
ਮੇਰੇ ਸਾਗਰ ਜ਼ਹਿਰਾਂ ਦੱਬੀਆਂ,
ਮੇਰੇ ਜ਼ਖਮੀ ਕੁੱਲ ਦਰਿਆ।
ਮੇਰੇ ਲੂੰ-ਲੂੰ ਭਰਿਆ ਜ਼ਹਿਰ ਨੀ,
ਹੋ ਰੋਗੀ ਗਈ ਹਵਾ।

(ਸੁਣ ਅੰਬਰ ਸ਼ਹਿਜ਼ਾਦੀਏ)

ਕਵੀ ਦੀਆਂ ਨਜ਼ਰਾਂ ਸਾਹਮਣੇ ਧਰਮ-ਈਮਾਨ ਦੀ ਲੜਾਈ ਵੀ ਬੇਈਮਾਨੀ ਦੇ ਪਿੜ ਵਿਚ ਲੜੀ ਜਾ ਰਹੀ ਹੈ। ਬੰਦਾ ਮੰਜ਼ਲ ਦੀ ਪ੍ਰਾਪਤੀ ਦੀ ਲਾਲਸਾ ਵਿਚ ਉਸ ਤੱਕ ਪਹੁੰਚਣ ਦੇ ਸਾਧਨਾ ਦੀ ਜਾਇਜ਼ਤਾ-ਨਾਜਾਇਜ਼ਤਾ ਨੂੰ ਅੱਖੋਂ ਓਹਲੇ ਕਰ ਰਿਹਾ ਹੈ। ਪਰ ਬੰਦੇ ਦੀ ਮੂਲ ਮਾਨਵੀ ਭਾਵਨਾ ਵਿਚ ਕਵੀ ਦਾ ਭਰੋਸਾ ਪੱਕਾ ਹੈ:

ਧਰਮ-ਈਮਾਨ ਲਈ ਲੜਦਾ ਵੀ ਬੇਈਮਾਨ ਹੈ ਬੰਦਾ।
ਆਵੇ ਨਿਮਰਤਾ ਅੰਦਰ ਨਹੀਂ ਇਸਦਾ ਬਦਲ ਵੀ ਕੋਈ ,
ਤਲੀ ‘ਤੇ ਸੀਸ ਰੱਖ ਕਰਦਾ ਜਦੋਂ ਬਲੀਦਾਨ ਹੈ ਬੰਦਾ।

(ਤਲੀ ‘ਤੇ ਸੀਸ)

ਬੰਦੇ ਦੀ ਮੂਲਮਾਨਵੀ ਭਾਵਨਾ ਵਿਚ ਭਰੋਸੇ ਜਿੰਨਾਂ ਹੀ ਪੱਕਾ ਭਰੋਸਾ ਉਸਦਾ ਇਸ ਕੁਦਰਤੀ ਨੇਮ ਵਿਚ ਹੈ ਕਿ ਪ੍ਰਗਤੀ ਦੇ ਪਹੀਏ ਨੂੰ ਰੋਕਣਾ ਅਸੰਭਵ ਹੈ ਅਤੇ ਉਹ ਇਸ ਪਹੀਏ ਦੇ ਅਗੇਰੇ ਵੱਲ ਗੇੜੇ ਨੂੰ ਗ਼ਜ਼ਾਂ ਤੋਂ ਫੜ ਕੇ ਹੋਰ ਤੇਜ਼ ਕਰਨ ਲਈ ਉਤਾਵਲਾ ਹੈ:

ਜੋ ਪਹੀਆ ਰੋਕਦੇ ਨੇ ਸਮੇਂ ਦਾ,
ਬਾਹਵਾਂ ਤੁੜਾ ਬਹਿੰਦੇ।
ਅਸੀਂ ਤਾਂ ਦਿਆਂਗੇ ਗੇੜਾ,
ਅਗੇਰੇ ਗ਼ਜ਼ਾਂ ਤੋਂ ਫੜਕੇ।

(ਅਸੀਂ ਪਾਹਰੂ ਬਣੇ)

ਉਹ ਮਨੁੱਖ ਨੂੰ ਪਿਛੇ ਰਹਿ ਗਈ ਪਸਤੀ ਦਾ ਪਛਤਾਵਾ ਕਰਨ ਦੀ ਥਾਂ ਹਿੰਮਤ ਨਾਲ ਉੱਠਣ ਦਾ ਅਤੇ ਤੇਜ਼ਕਦਮੀਂ ਬੁਲੰਦੀ ਵੱਲ ਵਧਣ ਦਾ ਸਵੈਮਾਣ ਮਹਿਸੂਸ ਕਰਨ ਲਈ ਵੰਗਾਰਦਾ ਹੈ:

ਗਿਰ ਗਿਆ ਸੈਂ ਕਿਸਤਰਾਂ,
ਹੁਣ ਓਸ ਦਾ ਨਾ ਵਹਿਮ ਕਰ।
ਉੱਠਿਆ ਹੈਂ ਜਿਸ ਤਰਾਂ,
ਇਹ ਬਾਤ ਹੀ ਇੱਕ ਬਾਤ ਹੈ।

(ਚੜ੍ਹਨਹਾਰਾ ਦਿਨ)

ਜਦੋਂ ਵਿਕਾਸਮੁਖੀ ਮਨੁੱਖ ਇੱਕਲੇ-ਕਾਰੇ ਰਹਿਣ ਦੀ ਥਾਂ ਸਮੂਹ ਬਣ ਕੇ ਅੱਗੇ ਵਧਣਗੇ ਤਾਂ:

ਰੁੱਖ ਇੱਕਲਾ ਵੇਖ ਜੋ ਬਿਲੀ ਫੂਕ ਗਈ,
ਨਵੀਂ ਕਰੂੰਬਲ ਨਿਕਲੇਗੀ ਮੁਸਕਾਏਗੀ।

(ਕਲਾ-ਕੁਦਰਤ)

ਨਵੀਆਂ ਕਰੂੰਬਲਾਂ ਦੇ ਨਿਕਲਣ ਅਤੇ ਮੁਸਕਰਾਉਣ ਦੀ ਰੁੱਤ ਵਿਚ ਕਵੀ ਦੀ ਰੀਝ ਹੈ ਕਿ ‘ਕਿਸੇ ਦੇ ਭਾਗੀਂ ਕੰਡੇ ਅਤੇ ਕਿਸੇ ਦੇ ਭਾਗੀਂ ਫੁੱਲ’ ਦੀ ਥਾਂ ਫੁੱਲ ਹੀ ਫੁੱਲ ਹਰ ਕਿਸੇ ਦੀ ਝੋਲੀ ਵਿਚ ਪੈਣ:

ਏਨੇ ਫੁੱਲ ਉਗਾ ਕਿ ਉਹ ਵੀ ਪਹਿਨ ਸਕੇ,
ਪੋਟੇ ਘਸ ਗਏ ਜਹਿਦੇ ਗੁੰਦ ਗੁੰਦ ਹਾਰਾਂ ਨੂੰ।

(ਏਨੇ ਫੁੱਲ ਉਗਾ)

ਪਸ਼ੌਰਾ ਸਿੰਘ ਢਿੱਲੋਂ ਦੀ ਕਵਿਤਾ ਦੀ ਲੋਕਮੁਖਤਾ, ਅਜੋਕੇ ਮਸਲਿਆਂ-ਮਾਮਲਿਆਂ ਨੂੰ ਮੁਖਾਤਬ ਹੋਣ ਦੀ ਉਹਦੀ ਸੋਚ ਅਤੇ ਆਪਣੀ ਇਸ ਵਿਚਾਰਧਾਰਾ ਉਤੇ ਅਡੋਲਤਾ-ਅਡਿੱਗਤਾ ਨਾਲ ਚਲਦਿਆਂ ਕਲਾ ਤੇ ਕਾਵਿਕਤਾ ਨੂੰ ਪ੍ਰਮੁੱਖਤਾ ਦੇਣ ਦੀ ਉਹਦੀ ਸਮਝ ਉਤੇ ਜ਼ੋਰ ਦੇਣ ਦੀ ਮੈਨੂੰ ਕੋਈ ਲੋੜ ਮਹਿਸੂਸ ਨਹੀਂ ਹੰਦੀ। ਕਤਿਾਵਾਂ ਆਪ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ।

ਤਾਂ ਵੀ ਦੋ ਗੱਲਾਂ ਅਜਿਹੀਆਂ ਹਨ ਜੋ ਪਸ਼ੌਰਾ ਸਿੰਘ ਢਿੱਲੋਂ ਦੀ ਕਵਿਤਾ ਬਾਰੇ ਕਹਿਣੀਆਂ ਬਣਦੀਆਂ ਹਨ।

ਇੱਕ ਹੈ, ਸਵੈ ਦੇ ਸਰੋਕਾਰਾਂ ਅਤੇ ਸਮਾਜ ਦੇ ਸਰੋਕਾਰਾਂ ਵਿਚਕਾਰ ਸੰਤੁਲਨ ਰੱਖ ਸਕਣਾ। ਜਦੋਂ ਕਵੀ ਸਵੀਕਾਰ ਕਰਦਾ ਹੈ ਕਿ ਨੈਣਾਂ ਵਿਚ ਰੜਕ ਤਾਂ ਉਹਦੇ ਗੀਤਾਂ ਦੇ ਵੀ ਪੈਂਦੀ ਹੈ, ਪਰ ਉਹ ਇਸ ਰੜਕ ਨੂੰ ਚੌਰਾਹੇ ਵਿਚ ਬੇਬਸ ਬੈਠ ਕੇ ਰੋਣ ਦਾ ਪੱਜ ਨਹੀਂ ਬਣਾਉਂਦਾ, ਉਹਦਾ ਭਾਵ ਸਵੈ ਦੇ ਸਰੋਕਾਰਾਂ ਨੂੰ ਉਚਿਤ ਸੀਮਾਂ ਵਿਚ ਰੱਖਣ ਤੋਂ ਹੈ। ਤੇ ਜਦੋਂ ਉਹ ਆਪਣੇ ਗੀਤਾਂ ਵਿਚ ਇਨਸਾਨ ਲਈ ਅਰਦਾਸ ਕਰਦਾ ਹੈ ਅਤੇ ਹੱਕ-ਇਨਸਾਫ ਲਈ ਆਖਣ-ਸੁਣਨ ਦੀ ਆਸ ਬੰਨ੍ਹਾਉਂਦਾ ਹੈ, ਉਹਦਾ ਭਾਵ ਸਮਾਜ ਦੇ ਸਰੋਕਾਰਾਂ ਨੂੰ ਉਚਿਤ ਮਹਤੱਵ ਦੇਣ ਤੋਂ ਹੈ। ਮਨੁੱਖ ਸੁਚੇਤ ਜੀਵ ਹੈ ਜਿਸ ਕਰਕੇ ਉਹਦੇ ਸਵੈ ਨੂੰ ਛੁਟਿਆ ਕੇ ਨਹੀਂ ਵੇਖਿਆ ਜਾਣਾ ਚਾਹੀਦਾ ਅਤੇ ਮਨੁੱਖ ਸਮਾਜਕ ਜੀਵ ਹੈ ਜਿਸ ਕਰਕੇ ਉਹਦੀ ਸਮਾਜਕ ਜ਼ਿਮੇਵਾਰੀ ਨੂੰ ਵੀ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਦੋਹਾਂ ਪੱਖਾਂ ਦਾ ਸੰਤੁਲਨ ਹੀ ਸਾਹਿਤਕ ਰਚਨਾ ਨੂੰ ਮੁਲਵਾਨ ਬਣਾਉਂਦਾ ਹੈ।

ਦੂਜੀ ਹੈ, ਸਭਿਆਚਾਰਾਂ ਦਾ ਅੰਤਰ-ਅਮਲ ਅਤੇ ਇੱਕ ਦੂਜੇ ਨੂੰ ਪ੍ਰਭਾਵਤ ਕਰਨ ਦੀ ਸਮਰਥਾ। ਪਸ਼ੌਰਾ ਸਿੰਘ ਢਿੱਲੋਂ ਵਰਗੇ ਪਰਦੇਸੀਂ ਵਸੇ ਪੰਜਾਬੀ ਦੋ ਸਭਿਆਚਾਰਾਂ ਦੇ ਸੰਗਮ ਉਤੇ ਵਸਦੇ-ਵਿਚਰਦੇ ਹਨ। ਮੇਰਾ ਨਿੱਜੀ ਅਨੁਭਵ ਹੈ ਕਿ ਬਹੁਤੀਆਂ ਸੂਰਤਾਂ ਵਿਚ ਪਰਵਾਸੀ ਲੋਕ ਦੇਸ ਦੇ ਲੋਕਾਂ ਤੇ ਦੇਸ ਦੀਆਂ ਸਮੱਸਿਆਵਾਂ ਤੋਂ ਭੱਜ ਗਏ ਹੋਣ ਦੀ ਦੋਸ਼-ਭਾਵਨਾ ਅਤੇ ਕਥਿਤ ਆਧੁਨਿਕ ਬਿਗਾਨੇ ਸਭਿਆਚਾਰ ਸਾਹਮਣੇ ਹੀਣ-ਭਾਵਨਾਂ ਮਹਿਸੂਸਦੇ ਰਹਿੰਦੇ ਹਨ। ਉਹ ਸੱਭਿਆਚਾਰਾਂ ਦੇ ਚੰਗੇ-ਮੰਦੇ ਪੱਖਾਂ ਦਾ ਗੰਭੀਰ ਨਿਤਾਰਾ ਨਹੀਂ ਕਰ ਸਕਦੇ। ਪਸ਼ੌਰਾ ਸਿੰਘ ਢਿੱਲੋਂ ਜਾਣਦਾ ਹੈ ਕਿ ਇਸ ਸਭਿਆਚਾਰਕ ਅੰਤਰ-ਪ੍ਰਭਾਵ ਨੂੰ ਰੋਕਣਾ ਅਸੰਭਵ ਹੈ, ਪਰ ਉਹ ਨਾਲ ਹੀ ਇਹ ਵੀ ਜਾਣਦਾ ਹੈ ਕਿ ਕਿਸ ਸਭਿਆਚਾਰ ਵਿਚੋਂ ਕੀ ਕੁਝ ਸਾਂਭਣ ਵਲਾ ਹੈ ਅਤੇ ਕੀ ਕੁਝ ਤਿਆਗਣ ਵਾਲਾ ਹੈ। ਕਿਸੇ ਵੀ ਸਾਹਿਤਕਾਰ ਲਈ ਇਸ ਸਭਿਆਚਾਰਕ ਸਮਝ ਦਾ ਮੱਹਤਵ ਸਵੈ-ਉਜਾਗਰ ਹੈ।

ਮੈਂ ਸਾਹਿਤਕ ਵੇਹੜੇ ਵਿਚ ਪਸ਼ੌਰਾ ਸਿੰਘ ਢਿੱਲੋਂ ਦੇ ਪਹਿਲੇ ਕਾਵਿ-ਸੰਗ੍ਰਿਹ ਦੀ ਆਉਂਦ ਦਾ ਨਿਘਾ ਸਵਾਗਤ ਕਰਦਾ ਹਾਂ ਅਤੇ ਇਸੇ ਸੇਧ ਵਿਚ ਉਹਤੋਂ ਉਹਦੀਆਂ ਅਗਲੀਆਂ ਰਚਨਾਵਾਂ ਦੀ ਕਾਮਨਾ ਕਰਦਾ ਹਾਂ।

**ਗੁਰਬਚਨ ਸਿੰਘ ਭੁੱਲਰ, ਦਿੱਲੀ**

# ਮੇਰੀ ਕਵਿਤਾ ਦੀ ਕਹਾਣੀ

ਹਰ ਕਹਾਣੀ ਪਿੱਛੇ ਕੋਈ ਕਵਿਤਾ ਹੋਵੇ ਜਾਂ ਨਾ, ਪਰ ਮੇਰੀ ਜਾਚੇ ਹਰ ਕਵਿਤਾ ਪਿੱਛੇ ਕੋਈ ਕਹਾਣੀ ਜ਼ਰੂਰ ਹੁੰਦੀ ਹੈ। ਉਂਜ ਮੈਂ ਉਸ ਲੇਖਕ ਨਾਲ ਪੂਰੀ ਤਰਾਂ ਸਹਿਮਤ ਹਾਂ ਜੋ ਇਸ ਮੱਤ ਦਾ ਧਾਰਨੀ ਹੈ ਕਿ ਰਚਨਾ ਕਰਨ ਪਿੱਛੋਂ ਲੇਖਕ ਦਾ ਉਹਦੇ ਬਾਰੇ ਕੁਝ ਬੋਲਣਾ ਫਜ਼ੂਲ ਹੁੰਦਾ ਹੈ, ਰਚਨਾ ਆਪ ਹੀ ਮੂਹੋਂ ਬੋਲ ਰਹੀ ਹੁੰਦੀ ਹੈ। ਅਸਲੀਅਤ ਇਹ ਵੀ ਹੈ ਕਿ ਕੋਈ ਨਾ ਕੋਈ ਪੱਖ ਇਸਤਰਾਂ ਦਾ ਜ਼ਰੂਰ ਹੁੰਦਾ ਹੈ ਜੋ ਕਵਿਤਾ ਦੀ ਪਹੁੰਚ ਤੋਂ ਬਾਹਰ ਰਹਿ ਜਾਂਦਾ ਹੈ। ਉਸ ਪੱਖ ਦੀ ਸ਼ਮੂਲਗੀ ਦਿਲਚਸਪ ਵੀ ਹੋ ਸਕਦੀ ਹੈ। ਮੈਂ ਉਸ ਵਿਸ਼ੇਸ਼ ਪੱਖ ਬਾਰੇ ਸੋਚਣ ਲਗਾ ਜੋ ਮੇਰੀ ਰਚਨਾ ਤੋਂ ਆਖਿਆ ਨਾ ਗਿਆ ਹੋਵੇ। ਇਸ ਪੁਸਤਕ ਦੀ ਹਥਲੀ ਸ਼ਾਹਮੁਖੀ ਐਡੀਸ਼ਨ ਦਾ ਜਨਮ ਵੀ ਓਸੇ ਪੱਖ ਦਾ ਹੀ ਹਿੱਸਾ ਹੈ।

ਮੈਨੂੰ ਮੇਰੀ ਕਵਿਤਾ ਦੇ ਦਿਲਚਸਪ ਹੋਣ ਦਾ ਅਹਿਸਾਸ ਮੇਰੇ ਇਸ ਸਫਰ ਦੇ ਆਗ਼ਾਜ਼ ਵੇਲੇ ਹੀ ਇਕ ਬੜੇ ਖੂਬਸੂਰਤ ਅਤੇ ਨਾਟਕੀ ਢੰਗ ਨਾਲ ਹੋ ਗਿਆ ਸੀ। 7 ਅਪ੍ਰੈਲ 1968 ਨੂੰ ਚੰਡੀਗੜ੍ਹ ਦੇ 'ਰੋਜ਼ ਗਾਰਡਨਜ਼' ਵਿਖੇ ਪਹਿਲਾ 'ਰੋਜ਼ ਫੈਸਟੀਵਲ' ਮਨਾਇਆ ਗਿਆ ਸੀ, ਜੋ ਅੱਜਕਲ੍ਹ ਕੌਮੀ ਪੱਧਰ ਉਤੇ ਮਨਾਇਆ ਜਾਣ ਲਗਾ ਹੈ। ਇਸ ਪਲੇਠੀ ਦੇ 'ਰੋਜ਼ ਫੈਸਟੀਵਲ' ਵਿਚ ਮੇਰੀ ਪਲੇਠੀ ਦੀ ਕਵਿਤਾ 'ਰੂਹ ਮੇਰੇ ਪੰਜਾਬ ਦੀ' ਨੂੰ ਜਿਸ ਤਰਾਂ ਵਿਸ਼ੇਸ਼ ਸਨਮਾਨ ਮਿਲਿਆ ਸੀ, ਉਹ ਆਪਣੇ ਆਪ ਵਿਚ ਇਕ ਦਿਨਚਸਪ ਕਹਾਣੀ ਹੈ।

ਚੜ੍ਹਦੇ ਪੰਜਾਬ ਦੀ ਖੂਬਸੂਰਤ ਅਤੇ ਨਵੀਂ-ਨਕੋਰ ਰਾਜਧਾਨੀ ਚੰਡੀਗੜ੍ਹ ਦੀ ਸ਼ੁਰੂਆਤ ਲਗਭਗ 1952 ਵਿਚ ਕਿਸੇ ਅਲੋਕਾਰ ਕੁੜੀ ਦੇ ਜਨਮ ਵਾਂਗ ਹੋਈ ਸੀ। 1947 ਦੀ ਵੰਡ ਦੀਆਂ ਦੁਖਦਾਈ ਯਾਦਾਂ ਹੁਣ ਕੁਝ ਮੱਠੀਆਂ ਪੈ ਕੇ ਪਿੱਛੇ ਰਹਿ ਗਈਆਂ ਸਨ ਤੇ ਦੋਫਾੜ ਹੋਏ ਦੋਹਾਂ ਪੰਜਾਬਾਂ ਲਈ  ਨਵੀਂਆਂ ਅਤੇ ਢੁਕਵੀਂਆਂ ਰਾਜਧਾਨੀਆਂ ਦੀ ਭਾਲ ਅਤੇ ਸਿਰਜਣਾ ਉਹਨੀਂ ਦਿਨੀਂ ਦੋਹੀਂ ਪਾਸੀਂ ਅਨੋਖੀਆਂ ਮਨੁੱਖੀ ਘਾਲਨਾਵਾਂ ਵਿਚੋਂ ਸਨ। ਦੁਨੀਆਂ ਦੀਆਂ ਹੋਰ ਰਾਜਧਾਨੀਆਂ ਪਹਿਲਾਂ ਮੰਡੀਆਂ, ਫਿਰ ਛੋਟੇ ਕਸਬੇ, ਵਡੇ ਕਸਬੇ, ਵਡੇ ਸ਼ਹਿਰ ਅਤੇ ਫਿਰ ਬਣਦੀਆਂ ਬਣਦੀਆਂ ਰਾਜਧਾਨੀਆਂ ਬਣੀਆਂ ਸਨ। ਉਨ੍ਹਾਂ ਵਿਚੋਂ ਕੁਝ ਕੁ ਦੇ ਪਿਛੋਕੜ ਨਾਲ ਤਾਂ ਡੂੰਘੀਆਂ ਮਨੁੱਖੀ ਭਾਵਨਾਵਾਂ ਅਤੇ ਪੀੜਾਂ ਦੀਆਂ ਯਾਦਾਂ ਜੁੜੀਆਂ ਹੋਈਆਂ ਸਨ ਜਿਵੇਂ ਪੂਰਬੀ ਅਫਰੀਕਾ ਵਿਚ ਤਨਜ਼ਾਨੀਆਂ ਦੀ ਰਾਜਧਾਨੀ ਦਾਰ-ਏ-ਸਲਾਮ, ਪੱਛਮੀ ਅਫਰੀਕਾ ਵਿਚ ਨਾਇਜੀਰੀਆ ਦੀ ਰਾਜਧਾਨੀ ਲਾਗੌਸ, ਜੋ ਅਜੇਹੀਆਂ ਇਤਿਹਾਸਕ ਵੱਡੀਆਂ ਬੰਦਰਗਾਹਾਂ ਸਨ ਜਿਥੋਂ ਅਫਰੀਕਾ ਦੇ ਨਿਵਾਸੀਆਂ ਨੂੰ ਜਾਨਵਰਾਂ ਵਾਂਗ ਸ਼ਿਕਾਰ ਕਰਕੇ ਅਤੇ ਬੰਨ੍ਹ ਕੇ ਗ਼ੁਲਾਮ ਬਣਾਉਣ ਲਈ ਯੂਰਪੀ ਜਹਾਜ਼ਾਂ ਵਿਚ ਲੱਦ ਲਿਆ ਜਾਂਦਾ ਸੀ। ਦਾਰ-ਏ-ਸਲਾਮ ਦੇ ਨਾਲ ਹੀ ਇਕ 'ਬਾਗਾ ਮੋਇਆ' ਨਾਂ ਦੀ ਬੰਦਰਗਾਹ ਹੈ ਜਿਥੋਂ ਇਹ ਜਹਾਜ਼ ਖਾਸ ਤੌਰ ਉਤੇ ਲੱਦੇ ਜਾਂਦੇ ਰਹੇ ਸਨ। ਸਵ੍ਹੇਲੀ 'ਬਾਗਾ ਮੋਇਆ' ਦੇ ਪੰਜਾਬੀ ਵਿਚ ਅਰਥ 'ਮੇਰਾ ਦਿਲ ਇਸੇ ਮਿੱਟੀ ਹੇਠ

ਧੜਕਦਾ ਰਹੇਗਾ' ਬਣਦੇ ਹਨ। ਇਹ ਉਨ੍ਹਾਂ ਕਿਸਮਤ ਦੇ ਮਾਰਿਆਂ ਦੀ ਆਪਣੀ ਉਸ ਧਰਤੀ ਮਾਂ ਨੂੰ ਆਖਰੀ ਅਲਵਿਦਾ ਹੁੰਦੀ ਸੀ ਜੋ ਮਨੁੱਖੀ ਇਤਿਹਾਸ ਦਾ ਉਹ ਕਾਲਾ ਧੱਬਾ ਹੈ ਜੋ ਸਭਿਅਤਾ ਦੇ ਕਿਸੇ ਵਿਕਾਸ ਨੇ ਧੋ ਨਹੀਂ ਸਕਣਾ!

ਅਜੋਕੇ ਸਮੇਂ ਵਿਚ ਅਫਰੀਕਾ ਦੇ ਇਨ੍ਹਾਂ ਦੋਹਾਂ ਦੇਸਾਂ ਦੀਆਂ ਆਜ਼ਾਦ ਸਰਕਾਰਾਂ ਨੇ ਵੀ ਚੰਡੀਗੜ੍ਹ ਅਤੇ ਇਸਲਾਮਾਬਾਦ ਵਾਂਗ ਨਵੀਆਂ ਰਾਜਧਾਨੀਆਂ ਕਰਮਵਾਰ ਡਡੋਮਾ ਅਤੇ ਅਬੂਜਾ ਸਿਰਜੀਆਂ ਸਨ। ਪਰ ਉਹ ਬਹੁਤ ਬਾਅਦ ਦੀਆਂ ਗੱਲਾਂ ਹਨ। ਸੰਯੁਕਤ ਰਾਸ਼ਟਰ ਦੇ ਮਾਹਿਰਾਂ ਦੀ ਦੇਖ-ਰੇਖ ਹੇਠ ਸਿਰਜੀਆਂ ਗਈਆਂ ਇਨ੍ਹਾਂ ਦੋਹਾਂ ਰਾਜਧਾਨੀਆਂ ਵਿਚ ਮੈਨੂੰ ਬਤੌਰ ਲੈਂਡਸਕੇਪ ਆਰਕੀਟੈਕਟ ਯੋਗਦਾਨ ਪਾਉਣ ਦਾ ਸੁਭਾਗ ਮਿਲਿਆ ਸੀ। ਪਰ ਇਹ ਇੱਕ ਵੱਖਰੀ ਦਾਸਤਾਨ ਹੈ ਜੋ ਇਸ ਲਿਖਤ ਦੇ ਕਲਾਵੇ ਵਿਚ ਨਹੀਂ ਆਉਂਦੀ।

1968 ਦਾ ਸਾਲ ਅਨੂਠੀ ਰਾਜਧਾਨੀ ਚੰਡੀਗੜ੍ਹ ਦੀ 16ਵੀਂ ਵਰ੍ਹੇਗੰਢ ਦਾ ਸਾਲ ਸੀ ਜੋ ਮੇਰੇ ਅੰਦਰ ਪਨਪ ਰਹੇ ਕਵੀ ਲਈ ਉਸ ਅਲੋਕਾਰ ਕੁੜੀ ਵਾਂਗ ਸੀ ਜੋ ਹੁਣ ਮੁਟਿਆਰ ਹੋ ਗਈ ਹੋਵੇ। ਮੈਂ ਇਸ ਮੁਟਿਆਰ ਦੇ ਭਖਦੇ ਜੋਬਨ ਨੂੰ ਚਿਤਵਦਿਆਂ ਉਸਦੇ ਕੁਦਰਤੀ ਹਾਰ-ਸ਼ਿੰਗਾਰ ਦਾ ਬਿਆਨ ਆਪਣੀ ਕਵਿਤਾ 'ਰੂਹ ਮੇਰੇ ਪੰਜਾਬ ਦੀ' ਵਿਚ ਕੀਤਾ। ਮੈਂ ਉਸ 'ਰੋਜ਼ ਫੈਸਟੀਵਲ' ਵਿਚ ਆਪਣੀ ਇਹ ਕਵਿਤਾ ਬੜੇ ਜਜ਼ਬੇ ਅਤੇ ਤਰੱਨਮ ਨਾਲ ਗਾ ਕੇ ਸੁਣਾ ਰਿਹਾ ਸੀ ਕਿ ਅਚਾਨਕ ਪਰਧਾਨਗੀ ਦੀ ਕੁਰਸੀ ਤੋਂ ਉਹ ਵਿਅਕਤੀ-ਵਿਸ਼ੇਸ਼ ਉੱਠੇ ਅਤੇ ਉਨ੍ਹਾਂ ਦੇ ਮਾਣ ਸਤਿਕਾਰ ਲਈ ਵਿਸ਼ੇਸ ਤੌਰ ਉਤੇ ਗੁੰਦਿਆ ਸੱਜਰੇ ਖੁਸ਼ਬੂਦਾਰ ਫੁੱਲਾਂ ਦਾ ਦੂਹਰਾ ਹਾਰ ਉਨ੍ਹਾਂ ਨੇ ਆਪਣੇ ਗਲ ਵਿਚੋਂ ਉਤਾਰ ਕੇ ਮੇਰੇ ਗਲ ਵਿਚ ਆ ਪਾਇਆ। ਰੋਜ਼ ਗਾਰਡਨਜ਼ ਦਾ ਖੁੱਲ੍ਹਾ ਮੈਦਾਨ ਤਾੜੀਆਂ ਨਾਲ ਗੂੰਜ ਉਠਿਆ। ਇਕ ਅਣਜਾਣੇ ਕਵੀ ਨੂੰ ਸਤਿਕਾਰਨ ਵਾਲੇ ਉਹ ਵਿਅਕਤੀ-ਵਿਸ਼ੇਸ਼ ਕੇਵਲ ਡਾ: ਮੁਹਿੰਦਰ ਸਿੰਘ ਰੰਧਾਵਾ ਹੀ ਹੋ ਸਕਦੇ ਸਨ। ਉਸ ਵੇਲੇ ਉਹ ਨਵੀਂ ਰਾਜਧਾਨੀ ਦੇ ਪਹਿਲੇ ਚੀਫ ਕਮਿਸ਼ਨਰ ਸਨ। ਰੰਧਾਵਾ ਸਾਹਿਬ ਵਿਲੱਖਣ ਬਨਸਪਤੀ - ਵਿਗਿਆਨੀ ਹੋਣ ਦੇ ਨਾਤੇ ਫੁੱਲਾਂ ਤੇ ਖੁਸ਼ਬੂਆਂ ਦੇ ਕਦਰਦਾਨ ਤਾਂ ਹੈ ਈ ਸਨ, ਉਨ੍ਹਾਂ ਦਾ ਪੰਜਾਬੀ ਸਾਹਿਤ ਅਤੇ ਕਲਾ ਲਈ ਮੋਹ ਅਤੇ ਯੋਗਦਾਨ ਵੀ ਬੇਮਿਸਾਲ ਹੈ। ਮੇਰੀ ਉਸ ਕਵਿਤਾ ਦੇ ਬੋਲ ਕੁਝ ਇਸਤਰਾਂ ਸਨ:

. . .ਹੁਣ ਹੋ ਗਈ ਮੁਟਿਆਰ ਇਹ,
ਅਜ ਚੜ੍ਹੀ ਪਰਵਾਨ।
ਇਹਨੂੰ ਚੁੰਨੀ ਦਵੇ ਹਿਮਾਲੀਆ,
ਹੱਥ ਸਿਰ 'ਤੇ ਰੱਖੇ ਆਣ।
ਇਹਦੇ ਨੈਣ ਕਟੋਰੇ ਝੀਲ ਦੇ,
ਉਡਦੇ ਪੰਛੀ ਫਾਹਣ।
ਇਹਦੀ ਜ਼ੁਲਫ ਦੀ ਛਾਵੇਂ ਖੇਡਦੇ,
ਮੇਰੇ ਸੈਕਟਰੀਏਟ ਵਿਧਾਨ।

ਇਸ ਪਿਛੋਂ ਮੇਰਾ ਇਹ ਅਨੁਭਵ ਪੱਕਾ ਹੋ ਗਿਆ ਕਿ ਜਿਵੇਂ ਮੈਂ ਲੈਂਡਸਕੇਪ ਆਰਕੀਟੈਕਟ ਵਜੋਂ ਫੁੱਲਾਂ, ਬੂਟਿਆਂ, ਰੰਗਾਂ, ਖੁਸ਼ਬੂਆਂ, ਪੱਥਰਾਂ ਅਤੇ ਪਾਣੀਆਂ ਦੇ ਤਲਿਸਮ ਨੂੰ ਸਮਝਦਿਆਂ ਲੈਂਡਸਕੇਪ ਡੀਜ਼ਾਈਨ ਬਨਾਉਣ ਲੱਗ ਪਿਆ ਹਾਂ, ਉਸੇ ਪਰਕਾਰ ਮੈਂ ਸ਼ਬਦਾਂ ਨੂੰ ਪਰੋ-ਸੰਵਾਰ ਕੇ ਕਵਿਤਾ ਦਾ ਹਾਰ ਅਤੇ ਗੁਲਦਸਤਾ ਗੁੰਦ ਸਕਦਾ ਹਾਂ। ਇਹ ਵੱਖਰੀ ਗੱਲ ਸੀ ਕਿ ਲ਼ੈਂਡਸਕੇਪ ਲਈ ਉਚੇਰੀ ਵਿਦਿਆ ਮੈਂ ਵਿਧੀਵਤ ਰੂਪ ਵਿਚ ਲੈਂਡਸਕੇਪ ਇਨਸਟੀਚਿਊਟ ਲੰਡਨ ਤੋਂ ਲੈ ਰਿਹਾ ਸੀ ਅਤੇ ਕਵਿਤਾ ਮੈਂ ਰਚਦਿਆਂ-ਰਚਦਿਆਂ ਹੀ ਸਿੱਖਣੀ ਸੀ। ਇਹਨਾਂ ਹਾਰਾਂ ਅਤੇ ਗੁਲਦਸਤਿਆਂ ਵਿਚ ਖੁਸ਼ਬੂਦਾਰ ਤੇ ਸੁੱਚੇ ਫੁ਼ੱਲ ਹਨ ਜਾਂ ਨਿਰੇ ਕਾਗ਼ਜ਼, ਇਹ ਤਾਂ ਪਾਰਖੂ ਪਾਠਕ ਹੀ ਦੱਸਣਗੇ। ਮੇਰਾ ਕੰਮ ਤਾਂ ਇਸ ਪੁਸਤਕ ਦੀ ਪੇਸ਼ਕਾਰੀ ਤੱਕ ਸੀਮਤ ਹੈ ਜੋ ਸੁਹਿਰਦ ਅਤੇ ਨੇੜਲੇ ਮਿੱਤਰਾਂ ਦੇ ਉਤਸ਼ਾਹ ਅਤੇ ਵਡਮੁੱਲੇ ਸੁਝਾਵਾਂ ਸਦਕਾ ਸੰਭਵ ਹੋ ਸਕਿਆ।

ਇਕ ਗੱਲ ਹੋਰ। 1966-67 ਵਿਚ ਇੰਗਲੈਂਡ ਜਾਣ ਤੋਂ ਪਹਿਲਾਂ ਮੈਂ ਹਰਦਿਆਲ ਸਿੰਘ ਜੌਹਲ ਜੋ ਚੰਡੀਗੜ੍ਹ ਦੇ ਪਹਿਲੇ ਲੈਂਡਸਕੇਪ ਅਫਸਰ ਬਣੇ ਤੇ ਬਾਅਦ ਵਿਚ ਬਤੌਰ ਸੁਪਰਿਨਟੈਂਡਿੰਗ ਇੰਜੀਨੀਅਰ (ਲੈਂਡਸਕੇਪ) ਸੇਵਾ ਮੁਕਤ ਹੋਏ, ਦੀ ਦੇਖ-ਰੇਖ ਹੇਠ 4-5 ਸਾਲ, ਪਹਿਲਾਂ ਮੁਗਲ ਗਾਰਡਨਜ਼ ਪੰਜੌਰ ਅਤੇ ਫਿਰ ਕੈਪੀਟਲ ਪਰੌਜੈਕਟ ਚੰਡੀਗੜ੍ਹ ਵਿਚ ਕੰਮ ਕਰ ਚੁਕਾ ਸਾਂ। ਜੌਹਲ ਸਾਹਿਬ ਨੂੰ ਮੈਂ ਲੈਂਡਸਕੇਪਿੰਗ ਲਈ ਰਸਮੀ ਤੌਰ ਉਤੇ ਗੁਰੂ ਤਾਂ ਨਹੀਂ ਸੀ ਧਾਰਿਆ ਪਰ ਮੈਂ ਉਨ੍ਹਾਂ ਕੋਲੋਂ ਇਸ ਬਾਰੇ ਸਿੱਖਿਆ ਬਹੁਤ ਕੁਝ। ਏਸੇ ਚੇਟਕ ਅਤੇ ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਮੈਂ ਲੈਂਡਸਕੇਪ ਇਨਸਟੀਚਿਊਟ ਲੰਡਨ ਦੇ ਰਾਹੇ ਪਿਆ ਜਿਸਦੇ ਪਰੋਫੈਸ਼ਨਲ ਅਸੋਸ਼ੀਏਟ ਮੈਂਬਰ ਵਜੋਂ ਮੈਨੂੰ ਇੰਗਲੈਂਡ, ਤਨਜ਼ਾਨੀਆਂ, ਨਾਈਜੀਰੀਆ, ਦੁਬਈ ਅਤੇ ਅਮਰੀਕਾ ਦੇ ਕੈਲੇਫੋਰਨੀਆਂ ਸਮੇਤ ਲਗਭਗ ਅਧੀ ਦੁਨੀਆਂ ਦੇ ਦੇਸਾਂ ਵਿਚ ਯੋਗਦਾਨ ਪਾਉਣ ਦਾ ਅਵਸਰ ਮਿਲ ਸਕਿਆ।

ਏਨਿਆਂ ਦੇਸਾਂ ਦੇ ਰਟਨ ਪਿਛੋਂ ਬੇਸ਼ਕ ਹੁਣ ਮੈਂ ਕੈਲੇਫੋਰਨੀਆਂ ਨੂੰ ਆਪਣਾ ਘਰ ਬਣਾ ਲਿਆ ਹੈ ਪਰ ਹਰ ਦੇਸ ਦੇ ਝਰੋਖੇ ਵਿਚੋਂ ਮੈਂ ਹਮੇਸ਼ਾ ਆਪਣੀ ਜਨਮ-ਭੋਂ ਪੰਜਾਬ ਵੱਲ ਤਕਦਾ ਰਿਹਾ ਹਾਂ। ਇਸਤਰਾਂ ਮੇਰੀ ਪੰਜਾਬੀ ਬੋਲੀ, ਪੰਜਾਬੀ ਕਵਿਤਾ ਅਤੇ ਪੰਜਾਬੀਅਤ ਨੂੰ, ਵਿਸ਼ਾਲ ਮਨੁੱਖਤਾ ਨੂੰ ਕਲਾਵੇ ਵਿਚ ਲੈਣ ਦਾ ਸੁਭਾਗ ਪਰਾਪਤ ਰਿਹਾ ਹੈ ਜੋ ਮੇਰੇ ਲਈ ਵੀ ਤੇ ਮੇਰੀ ਪਤਨੀ ਇੰਦਰਬੀਰ, ਬੇਟੀ ਨਵਰੀਤ ਅਤੇ ਬੇਟੇ ਨਵਦੀਪ ਲਈ ਵੀ ਬੜੇ ਮਾਣ ਵਾਲੀ ਗੱਲ ਰਹੀ ਹੈ। ਪੰਜਾਬੀਅਤ ਤੋਂ ਮੇਰਾ ਭਾਵ ਹਰ ਉਸ ਬਸ਼ਰ ਤੋਂ ਹੈ ਜੋ ਹਰ ਮੰਦਭਾਗੀ ਰਾਜਨੀਤਕ ਰੇਖਾ ਦੇ ਆਰ-ਪਾਰ, ਸਭਿਅਤਾ ਦੇ ਪੰਘੂੜੇ ਉਸ ਸਾਂਝੇ ਪੰਜਾਬ ਦੇ ਭੂਗੋਲਕ ਖਿੱਤੇ ਵਿਚ ਵਸਦਾ ਹੈ ਤੇ ਜਾਂ ਸੰਸਾਰ ਵਿਚ ਜਿਥੇ ਵੀ ਵਸਦਾ ਹੈ ਆਪਣੀਆਂ ਜੜ੍ਹਾਂ ਦਾ ਸੰਬੰਧ ਉਸ ਖਿੱਤੇ ਨਾਲ ਜੋੜ ਸਕਦਾ ਹੈ। ਪੰਜਾਬੀਆਂ ਦਾ ਇਹ ਵਿਰਸਾ ਜਿਡਾ ਮਾਣ-ਮੱਤਾ ਹੈ, ਸ਼ਾਇਦ ਹੀ ਕਿਸੇ ਹੋਰ ਖਿੱਤੇ ਦੇ ਲੋਕਾਂ ਦੇ ਨਸੀਬ ਵਿਚ ਹੋਵੇ। ਇਹ ਉਹ ਧਰਤੀ ਹੈ ਜਿਥੇ 5000 ਸਾਲ ਤੋਂ ਵੀ ਪਹਿਲਾਂ ਮਨੁੱਖ ਨੇ ਪਸ਼ੂ ਪਾਲਣੇ ਅਤੇ ਸਭ ਤੋਂ ਪਹਿਲਾਂ ਜ਼ਮੀਨ ਨੂੰ ਹਲ ਨਾਲ ਵਾਹੁਣ, ਖੇਤੀ ਬਾੜੀ ਕਰਨ ਤੇ ਪਿੰਡਾਂ ਕਸਬਿਆਂ ਵਿਚ ਰਹਿਣ ਦਾ ਵੱਲ਼ ਸਿੱਖਣਾ ਦੱਸਿਆ ਜਾਂਦਾ ਹੈ। ਭਰਿਸ਼ਟ ਰਾਜਨੀਤਕ

ਅਤੇ ਅਨੇਕਾਂ ਵੇਰ ਮੌਸਮੀ ਕਰੋਪੀਆਂ ਦੇ ਬਾਵਜੂਦ ਅਜ 5000 ਸਾਲ ਬਾਅਦ ਵੀ ਪੰਜਾਬ ਵਰਗਾ ਕਿਸਾਨ ਦੁਨੀਆਂ ਦੇ ਕਿਸੇ ਹੋਰ ਤਖਤੇ ਤੇ ਲਭਿਆਂ ਨਹੀਂ ਮਿਲਦਾ।ਪੰਜਾਬੀਅਤ ਸੰਬੰਧੀ ਮੇਰੀ ਇਹ ਭਾਵਨਾ ਕਿਨੀ ਕੁ ਸੱਚੀ ਸੀ ਇਸ ਦਾ ਪਰਮਾਣ ਵੀ ਇਸ ਗੱਲ ਵਿਚ ਹੀ ਏ ਕਿ ਇਸ ਪੁਸਤਕ ਦੀ ਹਥਲੀ ਸ਼ਾਹਮੁਖੀ ਐਡੀਸ਼ਨ ਦਾ ਆਗ਼ਾਜ਼ ਵੀ ਵਾਹਗਿਉਂ ਪਾਰ ਲਹਿੰਦੇ ਪੰਜਾਬ ਦੇ ਵੀਰਾਂ ਦੀ ਪਰਬਲ ਇੱਛਾ ਅਤੇ ਪ੍ਰੇਮ ਸਦਕਾ ਹੀ ਹੋਇਆ ਸੀ।

ਇਹ ਪੁਸਤਕ ਆਰਸੀ ਪਬਲਿਸ਼ਰਜ਼ ਚਾਂਦਨੀ ਚੌਕ ਦਿੱਲੀ ਵਲੋਂ ਗੁਰਮੁਖੀ ਲਿੱਪੀ ਵਿਚ ਪਹਿਲੀ ਵਾਰ 2007 ਵਿਚ ਛਪੀ ਸੀ। ਜਿਸ ਵਿਚੋਂ ਕੁਝ ਕਵਿਤਾਵਾਂ ਮੈਂ ਅਪਣੀ ਵੈਬਸਾਈਟ ‘ਤੇ ਲਿਖਤੀ ਅਤੇ ‘ਆਵਾਜ਼ ਤੇ ਪਰਵਾਜ਼’ ਨਾਂ ਦੀ ‘ਸੀ ਡੀ’ ਬਣਾ ਕੇ ਪਾ ਦਿਤੀਆਂ ਸਨ ਜਿਨ੍ਹਾਂ ਨੂੰ ਪੰਜਾਬੀ ਪਾਠਕਾਂ ਤੇ ਸਰੋਤਿਆਂ ਵਲੋਂ ਭਰਵਾਂ ਹੰਗਾਰਾ ਮਿਲਿਆ ਸੀ। ਬੇਟੇ ਨਵਦੀਪ ਦੀ ਮਦਦ ਨਾਲ ਕੁਝ ਨਜ਼ਮਾਂ ਜਿਵੇਂ ਧੀਆਂ, ਪੱਗ ਦੀ ਸਾਂਝ, ਉਹੀ ਹੈ ਇਹ ਸਿਤਾਰਾ ਅਤੇ ਅੰਬਰ ਦੀ ਸ਼ਹਿਜ਼ਾਦੀ ਦੇ ਨਾਂ, ਦੇ ਮੂਵਿੰਗ ਸਲਾਈਡ ਸ਼ੋਅ ਬਣਾ ਕੇ ਯੂ ਟਿਊਬ ਤੇ ਜਦੋਂ ਪਾਈਆਂ ਗਈਆਂ ਤਾਂ ਵਡੀ ਗਿਣਤੀ ਵਿਚ ਪੰਜਾਬੀ ਪਿਆਰਿਆਂ ਨੇ ਉਨ੍ਹਾਂ ਦਾ ਅਨੰਦ ਮਾਣਿਆ। ਪੰਜਾਬ ਤੋਂ ਦੂਰ ਪਰਦੇਸਾਂ ਵਿਚ ਪਲ ਰਹੀ ਨਵੀਂ ਪੀੜ੍ਹੀ ਜੋ ਠੇਠ ਪੰਜਾਬੀ ਸਮਝਣ ਤੋਂ  ਥੋੜਾ ਆਰੀ ਹੈ, ਉਨ੍ਹਾਂ ਦੀ ਬੇਨਤੀ ‘ਤੇ ਅੰਗਰੇਜ਼ੀ ਵਿਚ ਸਬ-ਟਾਈਟਲ ਵੀ ਸ਼ਾਮਲ ਕਰ ਦਿਤੇ ਗਏ ਸਨ। ਯੂ ਟਿਊਬ ਤੋਂ ਸੁਣਕੇ ਹੀ ਸੂਫੀ ਗਾਇਕੀ ਦੀ ਉਭਰ ਰਹੀ ਸਿਤਾਰਾ ਡਾਕਟਰ ਮਮਤਾ ਜੋਸ਼ੀ ਨੇ ਕਨੇਡਾ ਅਕਤੂਬਰ 2009 ਵਿਚ ਹੋਣ ਵਾਲੀਆਂ ਆਪਣੀਆਂ ਕੌਨਸਰਟਸ ਵਿਚ ‘ਅੰਬਰ ਦੀ ਸ਼ਹਿਜ਼ਾਦੀ’ ਵਾਲੀ ਨਜ਼ਮ ਸ਼ਾਮਲ ਕਰਨ ਲਈ ਬੇਨਤੀ ਕੀਤੀ ਸੀ ਅਤੇ ਵੈਨਕੂਵਰ ਵਿਚ ਹੋਣ ਵਾਲੇ ਆਪਣੇ ਪਲੇਠੀ ਦੇ ਪਰੋਗ੍ਰਾਮ ਵਿਚ ਮੈਨੂੰ ਪਤਨੀ ਸਮੇਤ ਸ਼ਮਿਲ ਹੋਣ ਲਈ ਉਚੇਚਾ ਸੱਦਾ ਦਿਤਾ ਸੀ।

ਇੰਟਰਨੈਟ ਤੋਂ ਇਸ ਪੁਸਤਕ ਦੇ ਗੁਰਮੁਖੀ ਲਿੱਪੀ ਵਿਚ ਛਪੀ ਹੋਣ ਦੇ ਵੇਰਵਿਆਂ ਨੂੰ ਲੈ ਕੇ ਅਨੇਕਾਂ ਫੋਨ ਅਤੇ ਈ ਮੇਲ ਸੁਨੇਹੇ ਇਸ ਨੂੰ ਸ਼ਾਹਮੁਖੀ ਵਿਚ ਛਾਪਣ ਵਾਸਤੇ ਵੀ ਮਿਲਦੇ ਰਹੇ। ਅੰਤ ਵਿਚ ਮਾਂ ਬੋਲੀ ਰੀਸਰਚ ਸੈਂਟਰ ਲਾਹੌਰ ਵਾਲਿਆਂ ਵੀਰਾਂ ਦੀ ਨਜ਼ਰ ਪੈਣ ਤੇ ਉਹਨਾਂ ਦੀ ਪ੍ਰੇਰਨਾਂ ਅਤੇ ਯੋਗਦਾਨ ਵਰਦਾਨ ਬਣ ਗਿਆ ਜਦੋਂ ਮੁਹੰਮਦ ਆਸਿਫ ਰਜ਼ਾ ਹੁਰਾਂ ਦੀ ਮੇਹਰ ਅਤੇ ਪਿਆਰ ਸਦਕਾ ਇਸਦੀ ਕੰਪੋਜ਼ੀਸ਼ਨ ਦਾ ਬੀੜਾ ਚੁਕ ਲੈਣ ਲਈ ਉਹਨਾਂ ਵਲੋਂ ਆਗਿਆ ਮੰਗੀ ਗਈ ਸੀ। ਇਸ ਸਹਿਮਤੀ ਅਤੇ ਇਹ ਰਾਬਤਾ ਕਾਇਮ ਹੋਣ ਉਪ੍ਰੰਤ ਰਜ਼ਾ ਸਾਹਿਬ ਹੋਰ ਵੀ ਖੁਸ਼ ਹੋਏ ਜਦੋਂ ਮੈਂ ਉਨ੍ਹਾਂ ਨੂੰ ਆਪਣੀ ਜਨਮ-ਭੋਂ ਵਾਲੇ ਜੱਦੀ ਪਿੰਡ ਸਯਦ ਵਾਰਿਸ ਸ਼ਾਹ ਹੁਰਾਂ ਦੇ ਸਰਨਾਵੀਂਏਂ ਪਿੰਡ ਜੰਡਿਆਲੇ ਬਾਰੇ ਦੱਸਿਆ ਸੀ। ਮੇਰਾ ਜਨਮ 21ਜੁਲਾਈ 1939 ਨੂੰ ਜੱਲੋ ਮੋੜ ਲਾਗੇ ਭਸੀਣ ਢਿਲਵਾਂ ਦੇ ਨਜ਼ਦੀਕ ਪੈਂਦੇ ਛੋਟੇ ਜਿਹੇ ਪਿੰਡ ਜੰਡਿਆਲਾ ਵਿਚ ਹੋਇਆ ਸੀ ਜੋ ਵਾਹਗਿਉਂ ਪਾਰ ਸ਼ਹਿਰ ਲਾਹੌਰ ਵਾਲੇ ਪਾਸੇ ਸੀ। ਇਸ ਪਿੱਛੋਂ ਜਿਸ ਹੁਲਾਸ ਨਾਲ ਗੱਲ ਅਗੇ ਵਧੀ ਉਸ ਬਾਰੇ ਸੋਚਦਿਆਂ ਜਾਂ ਬਿਆਨ ਕਰਦਿਆਂ ਮੇਰਾ ਬਾਰ ਬਾਰ ਗੱਚ ਭਰ ਜਾਂਦਾ ਹੈ।

ਮੇਰੇ ਜੰਡਿਆਲੇ ਪਿੰਡ ਦਾ ਜ਼ਿਕਰ ਛਿੜਿਆ ਹੀ ਸੀ ਅਤੇ ਇਸ ਬਾਰੇ ਮੈਂ ਇਸ ਪੁਸਤਕ ਦੀ ਸ਼ਾਹਮੁਖੀ ਐਡੀਸ਼ਨ ਦੇ ਮੁਖ-ਬੰਦ ਵਿਚ ਕੁਝ ਲਿਖਣ ਦੀ ਸੋਚ ਹੀ ਰਿਹਾ ਸਾਂ ਕਿ ਅਚਾਨਕ 15 ਮਾਰਚ 2011 ਪਹਿਰ ਦੇ ਤੜਕੇ 4.30 ਵਜੇ ਸਵੇਰੇ, ਸਰ੍ਹਾਣੇ ਪਏ ਟੈਲੀਫੋਨ ਦੀ ਘੰਟੀ ਖੜਕੀ। ਚੁੱਕਿਆ ਤਾਂ ਅਗੋਂ ਮੁਹੰਮਦ ਆਸਿਫ ਰਜ਼ਾ ਸਾਹਿਬ ਬੋਲ ਰਹੇ ਸਨ, "ਸਲਾਮਾ ਲੇਕੁਮ ਪਸ਼ੌਰਾ ਜੀ ਮੈਂ ਆਸਿਫ ਤੁਹਾਡੇ ਜੱਦੀ ਪਿੰਡ ਜੰਡਿਆਲਾ ਤੋਂ ਬੋਲ ਰਿਹਾ ਜੇ। ਮੈਂ ਤੁਹਾਡੇ ਬਜ਼ੁਰਗਾਂ ਦਾ ਇਕ ਘਰ ਵੀ ਲਭ ਲਿਆ ਜੇ। ਵੇਖ ਲਓ ਇਹ 70-80 ਸਾਲ ਬਾਅਦ ਅਜੇ ਸਹੀ ਸਲਾਮਤ ਖਲੋਤਾ ਹੋਇਆ ਜੇ ਬੇਸ਼ਕ ਇਸ ਦਾ ਆਲਾ ਦੁਆਲਾ ਸਭ ਢਾਹ-ਢਵਾਹ ਕੇ ਨਵਾਂ ਉਸਾਰਿਆ ਦੱਸਿਆ ਜਾਂਦਾ ਹੈ। ਅਸੀਂ ਇਸ ਦੇ ਐਨ ਸਾਹਮਣੇ ਖਲੋਤੇ ਹੋਏ ਤਸਵੀਰਾਂ ਉਤਾਰ ਰਹੇ ਹਾਂ। ਆਹ ਲਓ ਕਰੋ ਗੱਲ ਆਪਣੇ ਬਜ਼ੁਰਗਾਂ ਦੇ ਕੁਝ ਭਾਈ ਬੰਦਾਂ ਨਾਲ, ਜਿਹੜੇ ਮੈਨੂੰ ਇਸ ਘਰ ਦੇ ਕੋਲ ਲੈ ਕੇ ਆਏ ਨੇ"।"ਮੈਂ ਜੀ ਮਹਾਜ ਦੀਨ ਹਾਂ, ਸਲਾਮਾ ਲੇਕਮ! ਪਰ ਮੈਨੂੰ ਉਹ ਮਾਝਾ ਹੀ ਆਂਹਦੇ ਹੁੰਦੇ ਸਨ। ਤੁਹਾਡੇ ਪਰਿਵਾਰ ਦੇ ਨੌਜਵਾਨ ਮੁੰਡਿਆਂ ਵਿਚ ਮੋਹਣਾ, ਮੱਖਣ, ਦੂਲਾ ਤੇ ਪਰੀਤੂ ਹੁਣੀ ਹੁੰਦੇ ਸਨ। ਗਿਆਨੋ ਤੇ ਸੱਤੋ ਕੁੜੀਆਂ। ਹੋਰ ਵੀ ਨਾਂ ਯਾਦ ਆ ਜਾਸਣ, ਖਿਆਲ ਵਿਚ ਘੁੰਮ ਰਹੇ ਨੇ। ਅਸੀਂ ਇਸ ਵਕਤ ਤੁਹਾਡੇ ਬਜ਼ੁਰਗਾਂ ਵਾਲੇ ਘਰ ਦੇ ਕੋਲ ਹੀ ਖਲੋਤੇ ਹੋਏ ਹਾਂ। ਤੁਹਾਡੇ ਨਾਲ ਗੱਲ ਕਰਕੇ ਜੀਅ ਨੂੰ ਬੜਾ ਚੰਗਾ ਲੱਗ ਰਿਹੈ। ਫਜ਼ਲ ਦੀਨ ਜੋ ਤੁਹਾਡੇ ਪਰਿਵਾਰ ਨੂੰ ਵੰਡ ਪਿਛੋਂ ਭਕਨੇ ਪਿੰਡ ਵੀ ਦੋ ਵਾਰ ਮਿਲ ਕੇ ਆਇਆ ਸੀ ਗੁਜ਼ਰ ਗਿਆ ਜੇ। ਉਹਦਾ ਮੁੰਡਾ ਬਸ਼ੀਰਾ ਵੀ ਫੌਤ ਹੋ ਗਿਆ ਸੀ। ਆਹ ਉਹਦਾ ਸਾਰਿਆਂ ਤੋਂ ਛੋਟਾ ਮੁੰਡਾ ਵੀ ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਜੇ"। ਚਾਚਾ ਮਹਾਜ ਦੀਨ ਛੇਤੀ ਛੇਤੀ ਬੋਲ ਰਿਹਾ ਸੀ ਜਿਵੇਂ ਖੰਦਸ਼ਾ ਹੋਵੇ ਕਿ ਗੱਲ ਬਾਤ ਵਾਲਾ ਇਹ ਰਾਬਤਾ ਹੁਣੇ ਟੁੱਟਾ ਕਿ ਟੁੱਟਾ। ਮੈਂ ਇਹ ਸਭ ਕੁਝ ਭਵੰਤਰਿਆਂ ਵਾਂਗ ਸੁਣ ਰਿਹਾ ਸਾਂ। ਯਕੀਨ ਨਹੀਂ ਸੀ ਆ ਰਿਹਾ ਕਿ ਇਹ ਸੱਚ ਹੈ ਜਾਂ ਤੜਕਸਾਰੀ ਸੁਪਨਾਂ। ਪਿੰਡ ਬਾਰੇ ਗੱਲ ਤਾਂ ਹਾਲੀ ਇੱਕ ਦੋ ਦਿਨ ਪਹਿਲਾਂ ਹੀ ਹੋਈ ਸੀ ਜਦੋਂ ਉਹਨਾਂ ਇਸ ਦੀ ਨਿਸ਼ਾਨਦੇਹੀ ਬਾਰੇ ਪੁੱਛਿਆ ਸੀ। ਆਸਿਫ ਹੁਰਾਂ ਏਡੀ ਛੇਤੀ ਇਹ ਨਿੱਕਾ ਜਿਹਾ ਪਿੰਡ ਜੋ ਲਾਹੌਰੋਂ 40-45 ਮੀਲ ਦੂਰ ਹੋਵੇਗਾ ਕਿਵੇਂ ਲੱਭ ਲਿਆ ਹੋਊ ਤੇ ਫਿਰ ਸ਼ਹਿਰ ਤੋਂ ਪਿੰਡ ਏਡੀ ਛੇਤੀ ਅਪੜਣ ਲਈ ਇਹ ਜ਼ਹਿਮਤ! ਇਸ ਤੋਂ ਪਹਿਲਾਂ ਕਿ ਟੈਲੀਫੋਨ ਦੂਸਰੇ ਕੋਲ ਚਲਿਆ ਜਾਂਦਾ ਮੈਂ ਜਲਦੀ ਵਿਚ ਇਹੀ ਕਹਿ ਸਕਿਆ, ਚਾਚਾ ਜੀ ਸਲਾਮ, ਮੈਂ ਤੁਹਾਡੇ ਮੱਖਣ ਦਾ ਹੀ ਮੁੰਡਾ ਹਾਂ। ਤੇ ਤੁਹਾਡਾ ਮੋਹਣਾ ਮੇਰਾ ਚਾਚਾ ਤੇ ਦੂਲਾ ਮੇਰੇ ਤਾਇਆ ਜੀ ਨੇ। "ਅੱਲਾ ਹਾਫਜ਼ ਉਹਨਾਂ ਆਖਿਆ"! ਹੋਰ ਸੁਖ ਸਾਂਦ ਪੁਛਦਿਆਂ ਫੋਨ ਅਗੇ ਤੋਂ ਅਗੇਰੇ ਫੜਾਉਂਦੇ ਗਏ। ਬੇਸ਼ਕ ਮੈਂ ਉਸ ਵਕਤ ਓਥੇ ਹਾਜ਼ਰ ਨਹੀਂ ਸਾਂ, ਪਰ ਫਿਰ ਮੈਂ ਹੋਰ ਕਿਥੇ ਸਾਂ? ਇਸ ਤਰਾਂ ਦੀ ਮਨੁੱਖੀ ਸੰਵੇਦਨਾਂ ਨੂੰ ਕੋਈ ਕਰੇ ਤੇ ਕਿਵੇਂ ਬਿਆਨ ਕਰੇ! ਇਹੀ ਕਹਾਂਗਾ ਕਿ ਜਿਨ੍ਹਾਂ ਨੇ ਨਹੁੰਆਂ ਨਾਲੋਂ ਮਾਸ ਵੱਖ ਕਰ ਦਿਤੇ ਉਨ੍ਹਾਂ ਦਾ ਵੀ ਭਲਾ ਅਤੇ ਇਸਤਰਾਂ ਦੇ ਉਪਰਾਲਿਆਂ ਕਾਰਣ ਮਲ੍ਹਮਾਂ ਲਾਉਂਦੇ ਫਿਰਨ ਲਈ ਵਚਨਬੱਧ ਤੇ ਯਤਨਸ਼ੀਲ 'ਮਾਂ ਬੋਲੀ ਰੀਸਰਚ ਸੈਂਟਰ' ਵਰਗੀਆਂ

ਸੰਸਥਾਵਾਂ ਅਤੇ ਉਹਨਾਂ ਨੂੰ ਚਲਾਉਣ ਵਾਲਿਆਂ ਵਿਚ ਮੁਹੰਮਦ ਆਸਿਫ ਰਜ਼ਾ ਜੀ ਵਰਗੀਆਂ ਰੂਹਾਂ ਦਾ ਵੀ ਭਲਾ!

ਇਥੇ ਇਹ ਦਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਕਵਿਤਾਵਾਂ ਲਿਖਣ ਲੱਗਣ ਤੋਂ ਪਹਿਲਾਂ ਹੋਰ ਕਵੀਆਂ ਦੀਆਂ ਦਿਲ ਨੂੰ ਛੋਹਣ ਅਤੇ ਮੋਹਣ ਵਾਲੀਆਂ ਕਵਿਤਾਵਾਂ ਤਰੱਨਮ ਨਾਲ ਗੌਣ ਦਾ ਸ਼ੌਕ ਮੈਨੂੰ ਘਰ ਅਤੇ ਸਕੂਲ ਦੋਹਾਂ ਦੇ ਮਾਹੌਲ ਤੋਂ ਪੈ ਗਿਆ ਹੋਇਆ ਸੀ ।ਇਸ ਮਾਹੌਲ ਦੀ ਆਪਣੇ ਆਪ ਵਿਚ ਇਕ ਹੋਰ ਦਿਲਚਸਪ ਕਹਾਣੀ ਹੈ। ਪਾਕਿਸਤਾਨ ਬਨਣ ਵੇਲੇ ਮੇਰੇ ਦਾਦਾ ਜੀ ਸ. ਜੀਉਣ ਸਿੰਘ ਅਤੇ ਉਹਨਾਂ ਦੇ ਛੋਟੇ ਭਰਾ ਸੂਬੇਦਾਰ ਹਜ਼ਾਰਾ ਸਿੰਘ ਦਾ ਪਰਿਵਾਰ ਜ਼ਿਲਾ ਲਾਹੌਰ ਦੇ ਉਸ ਉਪਰ ਦਸੇ ਨਿੱਕੇ ਜਹੇ ਪਿੰਡ ਜੰਡਿਆਲਾ ਵਿਚੋਂ ਉਜੜ ਕੇ ਇਕ ਹਨੇਰੀ ਰਾਤ ਆਪਣੇ ਕਰੀਬੀ ਰਿਸ਼ਤੇਦਾਰ ਦੇਸ਼ਭਗਤ ਬਾਬਾ ਸੋਹਣ ਸਿੰਘ ਜੀ ਭਕਨਾ ਦੇ ਖੇਤਾਂ ਵਿਚਲੇ ਘਰ, ਜਿਸਨੂੰ ਪਿੰਡੋਂ ਬਾਹਰਵਾਰ ਹੋਣ ਕਰਕੇ ਹੁਣ ਲੋਕ 'ਬਾਬੇ ਦਾ ਡੇਰਾ' ਹੀ ਆਖਹਦੇ ਸਨ, ਆ ਪਹੁੰਚਾ ਸੀ। ਮੇਰੇ ਦਾਦਾ ਜੀ ਦਾ ਉਹ ਪਿੰਡ ਵਾਹਗਿਉਂ ਪਾਰ 10-12 ਮੀਲ ਉਨਾਂ ਕੁ ਹੀ ਲਾਹੌਰ ਵਾਲੇ ਪਾਸੇ ਰਹਿ ਗਿਆ ਸੀ ਜਿਨਾਂ ਕੁ ਭਕਨਾ ਇਧਰ ਅੰਮ੍ਰਿਤਸਰ ਵਾਲੇ ਪਾਸੇ ਹੈ। ਦਾਦਾ ਜੀ ਦੀ ਵੱਡੀ ਭੈਣ ਮਾਤਾ ਜੀ ਬਿਸ਼ਨ ਕੌਰ ਬਾਬਾ ਸੋਹਣ ਸਿੰਘ ਭਕਨਾ ਜੀ ਦੀ ਜੀਵਨ-ਸਾਥਣ ਸਨ।

ਉੱਜੜ ਕੇ ਆਉਣ ਨਾਲੋਂ ਵੱਡਾ ਦੁਖਾਂਤ ਮੇਰੇ ਦਾਦਾ ਜੀ ਲਈ ਇਕ ਹੋਰ ਵੀ ਸੀ। ਲਗਭਗ ਸਾਰੀ ਜਵਾਨੀ ਜਦੋਂ ਬਾਬਾ ਜੀ ਆਜ਼ਾਦੀ ਦੇ ਸੰਗਰਾਮ ਵਿਚ ਬੇਘਰ, ਬੇਵਤਨ, ਮੌਤ ਨਾਲ ਲੁਕਣਮੀਟੀ ਖੇਡਦੇ ਰਹੇ ਸਨ, ਤਦ ਆਪਣੀ ਭੈਣ ਦਾ ਉਜੜਨ ਉਜੜਨ ਕਰਦਾ ਘਰ ਉਸਦੇ ਭਰਾਵਾਂ ਨੇ ਸਮੇਂ-ਸਮੇਂ ਵਾਹਗਾ ਪਾਰੋਂ ਭਕਨੇ ਪਹੁੰਚ ਕੇ ਵਸਦਾ ਰਖਿਆ ਸੀ। ਇਹ ਸਮੇਂ ਦਾ ਕੇਹਾ ਗੇੜ ਸੀ ਕਿ ਖਾਲੀ ਹੱਥ ਉੱਜੜ ਕੇ ਆਏ ਭਰਾਵਾਂ ਨੂੰ ਅੱਜ ਉਸੇ ਭੈਣ ਦੇ ਘਰ ਆਸਰਾ ਮਿਲਣਾ ਸੀ। ਭੈਣ ਕਿਡੇ ਵਡੇ ਜੇਰੇ ਤੇ ਜਬੇ ਵਾਲੀ ਸੀ, ਇਹ ਤਾਂ ਬੜੀ ਦੇਰ ਪਹਿਲਾਂ ਹੀ ਉਹ ਸਾਬਤ ਕਰ ਚੁੱਕੀ ਸੀ, ਜਦੋਂ ਆਪਣੇ ਸਿਰ ਦੇ ਸਾਈ ਦਾ ਰਾਹ, ਜੋ ਚਿਰੋਕਣਾ ਦੇਸ ਦੀ ਆਜ਼ਾਦੀ ਦੇ ਰਾਹ ਵਿਚ ਰਲ ਚੁੱਕਾ ਸੀ, ਉਡੀਕਦਿਆਂ ਉਡੀਕਦਿਆਂ ਉਸ ਨੇ ਸਾਰੀ ਜਵਾਨੀ ਕਿਸੇ ਸ਼ਿਕਵੇ-ਸ਼ਿਕਾਇਤ ਤੋਂ ਬਿਨਾਂ ਇਕਲਾਪੇ ਵਿਚ ਕੱਟ ਲਈ ਸੀ।

ਮਾਤਾ ਜੀ ਬਿਸ਼ਨ ਕੌਰ ਨੂੰ ਅਸੀਂ ਵੀ ਆਪਣੇ ਮਾਤਾ ਪਿਤਾ ਦੀ ਰੀਸ ਵਡੇ ਭੂਆ ਜੀ ਹੀ ਆਖਦੇ ਸੀ। ਜਦੋਂ ਵੀ ਬਾਬਾ ਜੀ ਨੂੰ ਕੋਈ ਮਿਲਣ ਆਉਂਦਾ ਤੇ ਸਤਿਕਾਰ ਵਜੋਂ ਉਹਨਾਂ ਦੇ ਗੋਡੇ ਛੋਹਣ ਲਈ ਅਹੁਲਦਾ ਤਾਂ ਉਹ ਨਿਮਰਤਾ ਨਾਲ ਪਿੱਛੇ ਹਟ ਜਾਂਦੇ ਅਤੇ ਜ਼ਰਾ ਹਟਵੇਂ ਬੈਠੇ ਸਾਡੇ ਵੱਡੇ ਭੂਆ ਜੀ ਵਲ ਇਸ਼ਾਰਾ ਕਰਦਿਆਂ ਥੋੜ੍ਹਾ ਮੁਸਕਰਾ ਕੇ ਆਖਦੇ, "ਭਲਿਆ, ਗੋਡਿਆਂ ਨੂੰ ਹੱਥ ਲਉਣਾ ਐ ਤਾਂ ਉਸ ਦਿਆਂ ਨੂੰ ਲਾਓ, ਜਿਨ੍ਹੇ ਮੇਰੀ ਉਮਰਾਂ ਜਿਨੀਂ ਲੰਮੀ ਗੈਰ-ਮਜੂਦਗੀ ਵਿਚ ਮੇਰਾ ਇਹ ਘਰ ਮੈਨੂੰ ਉਡੀਕਦਿਆਂ ਵਸਦਾ ਰਖਿਆ ਜਿਥੇ ਮੈਨੂੰ ਅਖੀਰ ਆ ਕੇ ਪਨਾਹ ਮਿਲ ਸਕੀ ਹੈ। ਮੇਰੇ ਤੋਂ ਕਿਤੇ ਵਡੀ ਦੇਸ਼ਭਗਤ ਹੈ ਇਹ ਬਿਸ਼ਨ ਕੌਰ। ਮੈਨੂੰ ਯਾਦ ਹੈ ਕਿ ਉਹ ਉਹਨਾਂ ਨੂੰ 'ਬਿਸ਼ਨ ਕੌਰੇ ਜੀ' ਆਖ ਕੇ ਹੀ ਵਾਜ ਮਾਰਿਆ ਕਰਦੇ ਸਨ।

ਪੈਰ ਕੁਝ ਸੰਭਲੇ ਤਾਂ ਮੇਰੇ ਦਾਦਾ-ਪਰਿਵਾਰ ਦੇ ਵਾਹੀ ਕਰਨ ਵਾਲੇ ਬੰਦੇ ਅਤੇ ਸੰਦ ਤਾਂ ਯੂਪੀ ਵਾਲੇ ਫਾਰਮ ਤੇ ਚਲੇ ਗਏ ਅਤੇ ਸਕੂਲ ਜਾਣ ਵਾਲੇ ਬੱਚੇ ਭਕਨੇ ਅਤੇ ਬਾਅਦ ਵਿਚ ਚੰਡੀਗੜ੍ਹ ਹੀ ਟਿਕੇ ਰਹੇ। ਇਸਤਰਾਂ ਦਸਵੀਂ ਜਮਾਤ ਮੈਂ ਬਾਬਾ ਜੀ ਦੇ ਆਪਣੀ ਜ਼ਮੀਨ ਵਿਚ ਹੱਥੀਂ ਬਣਾਏ ਜਨਤਾ ਹਾਈ ਸਕੂਲ ਭਕਨਾ ਤੋਂ 1956 ਵਿਚ ਪਾਸ ਕਰ ਕੇ ਖਾਲਸਾ ਕਾਲਜ ਅੰਮ੍ਰਿਤਸਰ ਬੀ. ਐਸ-ਸੀ. ਐਗ੍ਰੀਕਲਚਰ ਵਿਚ ਦਾਖਲ ਹੋ ਗਿਆ ਸੀ।

ਇਨਕਲਾਬੀਆਂ ਅਤੇ ਖਾਸਕਰ ਗ਼ਦਰੀਆਂ ਨੂੰ ਆਮ ਤੌਰ ਉਤੇ ਸੂਰਬੀਰਤਾ ਅਤੇ ਚੱਟਾਨੀ ਇਰਾਦਿਆਂ ਵਾਲੇ ਲੋਹ-ਪੁਰਸ਼ਾਂ ਵਜੋਂ ਹੀ ਜਾਣਿਅ ਜਾਂਦਾ ਹੈ। ਮਨੁੱਖਤਾ ਦੇ ਭਲੇ ਲਈ ਲੜਾਈਆਂ ਲੜਦੇ ਉਹ ਲੋਹ-ਪੁਰਸ਼ ਏਨੇ ਕੋਮਲ-ਭਾਵੀ ਅਤੇ ਸਾਹਿਤ ਤੇ ਕਲਾ ਦੇ ਪਾਰਖੀ ਹੋਣਗੇ, ਇਹ ਗੱਲ਼ ਪੱਤਰਾਂ ਵਿਚ ਜਾਂ ਮੁਲਾਕਾਤੀ ਜੀਵਨੀਆਂ ਵਿਚ ਘਟ ਹੀ ਉੱਭਰ ਕੇ ਸਾਹਮਣੇ ਆਈ ਹੈ। ਮਿਸਾਲ ਵਜੋਂ ਬਾਬਾ ਜੀ ਨੂੰ ਜਿੱਨਾ ਆਪ ਪੜ੍ਹਨ ਦਾ ਸ਼ੌਕ ਸੀ, ਉਸ ਤੋਂ ਵਧੇਰੇ ਬੱਚਿਆਂ ਨੂੰ ਪੜ੍ਹਦੇ ਵੇਖਣ ਦਾ ਸ਼ੌਕ ਸੀ। ਉਹਨਾਂ ਲਈ ਸ਼ੌਕ ਦਾ ਦੂਜਾ ਨਾਂ ਹੀ ਸ਼ਾਇਦ ਫਰਜ਼ ਸੀ ਜਿਸ ਕਰਕੇ ਉਹਨਾਂ ਨੇ ਵਿਦਿਆ ਖੁਣੋਂ ਬਹੁਤ ਹੀ ਪਛੜੇ ਹੋਏ ਸਰਹੱਦੀ ਇਲਾਕੇ ਵਿਚ ਪਹਿਲਾਂ ਸਿਰਫ ਕੁੜੀਆਂ ਲਈ ਅਤੇ ਬਾਅਦ ਵਿਚ ਕੁੜੀਆਂ ਤੇ ਮੁੰਡਿਆਂ ਲਈ ਸਾਂਝਾ ਜਨਤਾ ਹਾਈ ਸਕੂਲ ਭਕਨਾ ਆਪਣੇ ਖੇਤਾਂ ਦੀ ਜ਼ਮੀਨ ਵਿਚ ਹੀ ਖੋਲ੍ਹ ਦਿਤਾ ਸੀ। ਅੰਗਰੇਜ਼ ਦੇ ਟੋਡੀਆਂ ਦੀ ਰਹਿੰਦ-ਖੂੰਹਦ ਵਲੋਂ ਦੋਹਾਂ ਗੱਲਾਂ, ਭਾਵ ਕੁੜੀਆਂ ਦੀ ਪੜ੍ਹਾਈ ਅਤੇ ਹਾਈ ਸਕੂਲ ਤੋਂ ਪਹਿਲਾਂ 'ਜਨਤਾ' ਸ਼ਬਦ ਜੋੜੇ ਜਾਣ, ਦਾ ਵਿਰੋਧ ਕੀਤਾ ਗਿਆ ਸੀ ਜੋ ਛੇਤੀ ਹੀ ਆਪਣੀ ਮੌਤ ਆਪ ਹੀ ਮਰ ਗਿਆ ਸੀ। ਇੰਜ ਸਕੂਲ ਦਿਨ  ਦੁਗਣੀ ਤੇ ਰਾਤ ਚੌਗੁਣੀ ਤਰੱਕੀ ਦੇ ਰਾਹ ਪੈ ਗਿਆ।

ਜਨਤਾ ਹਾਈ ਸਕੂਲ ਭਕਨਾ ਦੇ ਪਹਿਲੇ ਕਾਬਲੇ-ਜ਼ਿਕਰ ਹੈਡਮਾਸਟਰ ਮਸ਼ਹੂਰ ਕਹਾਣੀਕਾਰ ਸੁਜਾਨ ਸਿੰਘ ਬਣੇ ਅਤੇ ਸੈਕੰਡ ਮਾਸਟਰ ਸਤਿਨਾਮ ਸਿੰਘ ਪਾਂਧੀ ਜੋ ਕਾਬਲ ਅਧਿਆਪਕ ਹੋਣ ਦੇ ਨਾਲ ਨਾਲ ਆਪਣੀ ਕਿਸਮ ਦੇ ਚੰਗੇ ਲੇਖਕ ਵੀ ਸਨ। ਸੁਜਾਨ ਸਿੰਘ ਤੋਂ ਮਗਰੋਂ ਉਹ ਹੈਡਮਾਸਟਰ ਵੀ ਬਣੇ ਸਨ। ਉਹਨਾਂ ਦੋਹਾਂ ਦੇ ਨਾਲ ਹੋਰ ਵੀ ਸੁਹਿਰਦ ਅਧਿਆਪਕ ਆ ਮਿਲੇ ਜਿਨ੍ਹਾਂ ਨੇ ਸਕੂਲ ਨੂੰ ਬੜੀ ਉਸਾਰੂ ਸੇਧ ਦਿੱਤੀ। ਪੜ੍ਹਾਈ ਅਤੇ ਖੇਡਾਂ ਦੇ ਨਾਲ ਨਾਲ ਹਰ ਸਨਿਚਰਵਾਰ ਅੱਧੀ ਛੁਟੀ ਮਗਰੋਂ ਸਾਹਿਤਕ ਪਰੋਗ੍ਰਾਮ ਪੇਸ਼ ਕੀਤਾ ਜਾਂਦਾ ਜਿਸ ਵਿਚ ਕੁੜੀਆਂ, ਮੁੰਡੇ ਅਤੇ ਅਧਿਆਪਕ ਬੜੇ ਉਤਸ਼ਾਹ ਨਾਲ ਸ਼ਾਮਲ ਹੁੰਦੇ। ਮੈਨੂੰ ਹੋਰਨਾਂ ਪ੍ਰੇਰਨਾਵਾਂ ਦੇ ਨਾਲ ਨਾਲ ਆਪਣੀ ਆਵਾਜ਼ ਦੇ ਸੁਰੀਲਾ ਅਤੇ ਸੁਰਬੱਧ ਹੋਣ ਦਾ ਅਹਿਸਾਸ ਵੀ ਉਸੇ ਮਾਹੌਲ ਦੀ ਦੇਣ ਹੀ ਕਿਹਾ ਜਾ ਸਕਦਾ ਹੈ। ਮੈਂ ਹਰ ਉਸ ਹਫਤਾਵਾਰੀ ਪਰੋਗਰਾਮ ਦੀ ਉਡੀਕ ਕਰਿਆ ਕਰਦਾ ਸੀ ਜਦੋਂ ਕਿਸੇ ਅਧਿਆਪਕ ਜਾਂ ਜਮਾਤੀ-ਜਮਾਤਣ ਵਲੋਂ ਮੈਨੂੰ ਜ਼ਰੂਰ ਹੀ ਕੁਝ ਸੁਣਾਉਣ ਲਈ ਆਖਿਆ ਜਾਂਦਾ।

ਢੰਡ ਕਸੇਲ ਅਤੇ ਹੋਰ ਦੁਰਾਡੇ ਪਿੰਡਾਂ ਤੋਂ ਵਡੀਆਂ ਜਮਾਤਾਂ ਦੀਆਂ ਕੁਝ ਕੁੜੀਆਂ ਵੀ ਸਾਡੇ ਘਰ ਹੀ ਠਹਿਰਦੀਆਂ ਸਨ। ਗਰਮੀਆਂ ਦੀਆਂ ਰਾਤਾਂ ਨੂੰ ਵੱਡੇ ਥੜੇ ਉਤੇ ਸਾਰਾ ਪਰਿਵਾਰ

ਮੱਛਰਦਾਨੀਆਂ ਲਾ ਕੇ ਬਾਹਰ ਹੀ ਸੁੱਤਾ ਹੁੰਦਾ ਸੀ। ਸਕੂਲ ਦਾ ਕੰਮ, ਘਰ ਦੀਆਂ ਸਵਾਣੀਆਂ ਦਾ ਕੰਮ ਅਤੇ ਪੱਠਾ-ਦੱਥਾ ਮੁਕਾ ਕੇ ਪਰਿਵਾਰ ਦੇ ਸਾਰੇ ਜੀਆਂ ਵਲੋਂ ਵਡੇ ਥੜੇ ਉਤੇ ਰਾਤ ਨੂੰ ਸਾਹਿਤਕ ਦਰਬਾਰ ਲਗਦਾ ਜਿਸ ਵਿਚ 'ਪ੍ਰੀਤਲੜੀ' ਅਤੇ ਹੋਰ ਪੱਤਰਾਂ ਵਿਚੋਂ ਕਵਿਤਾਵਾਂ, ਚੁਟਕਲੇ ਆਦਿ ਯਾਦ ਕਰ ਕੇ ਸੁਣਾਏ ਜਾਂਦੇ ਸਨ।

ਠੀਕ ਸਮੇਂ ਉਤੇ ਅਸੀਂ ਸਾਰੇ ਬਾਬਾ ਜੀ ਅਤੇ ਵਡੇ ਭੂਆ ਜੀ ਦੇ ਮੰਜਿਆਂ ਦੁਆਲੇ, ਚੌਂਕੀਆਂ, ਪੀੜ੍ਹੀਆਂ, ਕੁਰਸੀਆਂ, ਵਡੇ ਸਟੂਲ ਅਤੇ ਲਾਲਟੈਣਾਂ ਰੱਖ ਕੇ ਬੈਠ ਜਾਂਦੇ ਸੀ ਅਤੇ ਸਾਹਿਤਕ ਦਰਬਾਰ ਸ਼ੁਰੂ ਹੋ ਜਾਂਦਾ ਸੀ। ਉੱਚੀ ਸੁਰ ਵਾਲੀ ਕਵਿਤਾ ਹਮੇਸ਼ਾ ਮੈਨੂੰ ਪੜ੍ਹਨ ਲਈ ਆਖਿਆ ਜਾਂਦਾ ਅਤੇ ਰਾਤਾਂ ਨੂੰ ਆਸੇ-ਪਾਸੇ ਖੇਤਾਂ ਵਿਚ ਪਾਣੀ ਲਾਉਣ ਵਾਲੇ ਕਿਸਾਨ ਕਈ ਵੇਰ ਦਸਦੇ ਕਿ ਰਾਤ ਨੂੰ ਉਹਨਾਂ ਨੇ ਸਾਨੂੰ ਉੱਚੀ ਉੱਚੀ ਹਸਦਿਆਂ ਅਤੇ ਮੈਨੂੰ ਗਾਉਂਦਿਆਂ ਸੁਣਿਆ ਸੀ। ਅੰਤ ਨੂੰ ਪਹਿਲਾਂ ਵਡੇ ਭੂਆ ਜੀ ਅਤੇ ਫਿਰ ਬਾਬਾ ਜੀ ਦੇ ਪਹਿਲੇ ਘੁਰਾੜੇ ਨੂੰ ਅਸੀਂ ਸਾਹਿਤਕ ਦਰਬਾਰ ਦੀ ਸਮਾਪਤੀ ਦਾ ਸੰਕੇਤ ਸਮਝਕੇ ਪੀੜ੍ਹੀਆਂ-ਚੌਂਕੀਆਂ ਚੁੱਕ ਲੈਂਦੇ ਅਤੇ ਆਪੋ ਆਪਣੀਆਂ ਮੰਜੀਆਂ ਦਾ ਰਾਹ ਫੜਦੇ। ਤੇ ਇਸ ਤਰਾਂ ਉਹ ਘਰ ਅਤੇ ਉਹ ਸਕੂਲ ਜਿਥੇ ਮੁੰਡੇ-ਕੁੜੀਆਂ ਇਕੱਠੇ ਵਿਚਰਦੇ ਅਤੇ ਪੜ੍ਹਦੇ ਰਹੇ, ਮੇਰੇ ਲਈ ਇੱਕ ਅਨੋਖੀ ਪ੍ਰੇਰਨਾ ਦਾ ਸਰੋਤ ਬਣੇ। ਤੇ ਫਿਰ ਮੈਂ ਕੰਮ ਦੇ ਸੰਬੰਧ ਵਿਚ ਕਿਸੇ ਵੀ ਦੇਸ ਵਿਚ ਵਿਚਰਿਆ, ਸਾਹਿਤਕ ਸਭਾਵਾਂ ਜਾਂ ਅਗਾਂਹਵਧੂ ਮਿਤਰਾਂ-ਪਿਆਰਿਆਂ, ਪੁਰਸ਼-ਇਸਤਰੀਆਂ ਦੀ ਸੰਗਤ ਵਿਚ ਇਸੇ ਤਰਾਂ ਦੇ ਮਾਹੌਲ ਆਪਣੇ ਆਪ ਹੀ ਸਿਰਜੇ ਜਾਂਦੇ ਰਹੇ ਸਨ। ਕੈਲੇਫਰਰਨੀਆਂ ਦੀ ਇਹ ਵਾਦੀ ਅਜਿਹੀਆਂ ਗਤੀਵਿਧੀਆਂ ਦੀ ਰੌਸ਼ਨ ਮਿਸਾਲ ਹੈ।

ਪੇਸ਼ੇ ਸੰਬੰਧੀ ਰੁਝੇਵਿਆਂ ਅਤੇ ਪਰਿਵਾਰਕ ਜ਼ਿਮੇਵਾਰੀਆਂ ਨੇ ਬੇਸ਼ਕ ਵੇਹਲ ਨਹੀਂ ਦਿਤੀ, ਫਿਰ ਵੀ ਜੋ ਅਨੁਭਵ ਕੀਤਾ ਹੈ, ਲਿਖਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਪਰ ਹੋਰ ਹੋਰ ਲਿਖਣ ਨਾਲੋਂ ਮੈਂ ਜੋ ਲਿਖਿਆ, ਉਸ ਨੂੰ ਵਾਰ ਵਾਰ ਸਾਹਿਤ ਸਭਾਵਾਂ, ਮੰਦਰਾਂ, ਗੁਰਦਵਾਰਿਆਂ, ਛੋਟੀਆਂ - ਵਡੀਆਂ ਮਹਿਫਲਾਂ, ਮਜਲਸਾਂ ਵਿਚ ਗਾ ਕੇ ਸੁਣਾਉਂਦਾ ਰਿਹਾ ਹਾਂ। ਇੰਜ ਮੇਰੀਆਂ ਲਿਖੀਆਂ ਗਿਣਤੀ ਦੀਆਂ ਕਵਿਤਾਵਾਂ ਵੀ ਮੈਨੂੰ ਬਹੁਤੀਆਂ ਲਗਦੀਆਂ ਰਹੀਆਂ ਹਨ। ਪੁਸਤਕ ਛਪਵਾਉਣ ਦੀ ਸੋਚਣ ਤੋਂ ਪਹਿਲਾਂ ਮੈਨੂੰ ਲਗਦਾ ਸੀ ਕਿ ਇਹ ਕਵਿਤਾਵਾਂ ਜਦੋਂ ਛਪਣਗੀਆਂ ਤਾਂ ਇਹ ਪੁਸਤਕ ਵਾਰਿਸ ਸ਼ਾਹ ਦੀ ਹੀਰ ਜਿੰਨੀ ਮੋਟੀ ਹੋ ਜਾਣੀ ਹੈ। ਪਰ ਇਹ ਸੱਚਾਈ ਤਾਂ ਨਹੀਂ ਸੀ।

ਪੱਤਰਾਂ ਵਿਚ ਛਪਦੇ ਰਹਿਣ ਕਰਕੇ ਪਾਠਕਾਂ ਲਈ ਮੈਂ ਏਨਾਂ ਗੁਮਨਾਮ ਤਾਂ ਨਹੀਂ ਸੀ, ਪਰ ਪੁਸਤਕ ਛਪਵਾਉਣ ਦੇ ਮੋਹ ਤੋਂ ਨਿਰਲੇਪ ਹੀ ਰਿਹਾ ਸਾਂ। ਗੱਲ ਇਹ ਨਹੀਂ ਸੀ ਕਿ ਮੈਂ ਇਹ ਕਵਿਤਾਵਾਂ ਪੁਸਤਕ ਰੂਪ ਵਿਚ ਛਪਵਾਉਣੀਆਂ ਨਹੀਂ ਸੀ ਚਾਹੁੰਦਾ। ਡਰਦਾ ਇਸ ਗੱਲ ਤੋਂ ਸੀ ਕਿ ਕੁਝ ਪਰਵਾਸੀਆਂ ਵਲੋਂ ਪੈਸਿਆਂ ਦੇ ਜ਼ੋਰ ਨਾਲ 'ਅਪੁਸਤਕਾਂ' ਛਪਵਾ ਲੈਣ ਅਤੇ ਪਰਕਾਸ਼ਕਾਂ ਨੂੰ ਵਿਗਾੜ ਦੇਣ ਵਰਗੀਆਂ ਗੱਲਾਂ ਇਧਰ-ਉਧਰ ਸੁਨਣ ਨੂੰ ਮਿਲ ਜਾਂਦੀਆਂ ਸਨ। ਇਹ ਗਲਾਂ ਕਿਥੋਂ ਤਕ ਠੀਕ ਸਨ, ਪਤਾ ਨਹੀਂ, ਪਰ ਮਨ ਅਜੀਬ ਦੁਚਿੱਤੀ ਵਿਚ ਜ਼ਰੂਰ ਫਸਿਆ ਰਿਹਾ।

2003 ਵਿਚ ਹਰਮਨ ਪਿਆਰੇ ਲੇਖਕ ਕਰਨਲ ਜਸਬੀਰ ਭੁੱਲਰ ਆਪਣੀ ਪਤਨੀ ਅਮਰਿੰਦਰ ਭੁੱਲਰ ਨਾਲ ਕੈਲੇਫੋਰਨੀਆਂ ਆਏ। ਉਹ ਮੇਰੇ ਦੋਸਤ ਵੀ ਹਨ ਅਤੇ ਨੇੜੇ ਦੇ ਰਿਸ਼ਤੇਦਾਰ ਵੀ ਹਨ। ਉਹਨਾਂ ਨਾਲ ਭਰਵੀਆਂ ਮਿਲਣੀਆਂ ਅਤੇ ਵਿਚਾਰਾਂ ਹੋਈਆਂ। ਉਹਨਾਂ ਨੇ ਪੁਸਤਕ ਛਪਵਾਉਣ ਲਈ ਮੈਨੂੰ ਟੋਹਿਆ, ਪ੍ਰੇਰਿਆ ਅਤੇ ਖਰੜਾ ਤਿਆਰ ਕਰਨ ਲਈ ਕਈ ਵਡਮੁੱਲੇ ਸੁਝਾਅ ਦਿਤੇ। ਪਰ ਉਹਨਾਂ ਦੇ ਦੇਸ ਪਰਤ ਜਾਣ ਮਗਰੋਂ ਗੱਲ ਉਥੇ ਦੀ ਉਥੇ ਹੀ ਖੜ੍ਹੀ ਰਹਿ ਗਈ।

ਸਤੰਬਰ 2006 ਵਿਚ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਆਪਣੀ ਪਤਨੀ ਗੁਰਚਰਨ ਕੌਰ ਨਾਲ ਕੈਲੇਫੋਰਨੀਆਂ, ਬੇਅ ਏਰੀਆ ਵਿਚ ਆਪਣੀ ਬੇਟੀ ਭਾਵਨਾ ਕੋਲ ਨਿੱਜੀ ਫੇਰੀ ਲਈ ਆਏ। ਉਹਨਾਂ ਦੀ ਮਰਜ਼ੀ ਆਪਣੀ ਇੱਛਾ ਅਨੁਸਾਰ ਵਿਚਰ ਕੇ ਚੁੱਪ-ਚੁਪੀਤੇ ਦੇਸ ਮੁੜ ਜਾਣ ਦੀ ਸੀ। ਪਰ ਉਹਨਾਂ ਨੂੰ ਪੜ੍ਹਨ ਅਤੇ ਪਿਆਰ ਕਰਨ ਵਾਲਿਆਂ ਦੀ ਮਰਜ਼ੀ ਕੁਝ ਹੋਰ ਸੀ। ਉਹਨਾਂ ਦੇ ਆਉਣ ਦੀ ਖਬਰ ਮੂੰਹੋਂ-ਮੂੰਹ ਫੈਲਣ ਦੀ ਦੇਰ ਸੀ ਕਿ ਉਹਨਾਂ ਨੂੰ ਸਾਹਿਤਕ ਹਲਕਿਆਂ ਵਿਚ ਨਿਕਲਣਾ ਹੀ ਪਿਆ। ਮੈਨੂੰ ਵੀ ਉਹਨਾਂ ਦੇ ਸਨਮਾਨ ਵਿਚ ਰੱਖੇ ਕੁਝ ਸਾਹਿਤਕ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਦਾ ਅਤੇ ਉਹਨਾਂ ਨੂੰ ਸੁਨਣ ਦਾ ਸੁਭਾਗ ਮਿਲਿਆ। ਆਪਣਾ ਕੀਮਤੀ ਵਕਤ ਕਢ ਕੇ ਇੱਕ ਦਿਨ ਉਹ ਪਰਿਵਾਰ ਸਮੇਤ ਮੇਰੇ ਘਰ ਰੋਲਿੰਗ ਹਿਲਜ਼, ਮਡੇਰਾ ਆਏ। ਉਹਨਾਂ ਨੇ ਮੇਰੀਆਂ ਕਵਿਤਾਵਾਂ ਸੁਣੀਆਂ ਤੇ ਮੇਰੀ ਪੁਸਤਕ ਛਪਵਾਉਣ ਦੀ ਗੱਲ ਫਿਰ ਉਥੋਂ ਸ਼ੁਰੂ ਹੋ ਗਈ ਜਿਥੇ ਜਸਬੀਰ ਭੁੱਲਰ ਛੱਡ ਕੇ ਗਏ ਸਨ। ਫਰਕ ਇਸ ਵਾਰ ਇਹ ਸੀ ਕਿ ਪ੍ਰੇਰਨਾ-ਦਰ-ਪ੍ਰੇਰਨਾ ਦੇਣ ਦੀ ਬਜਾਏ ਇਹਨਾਂ ਨੇ ਅੰਤਮ ਹੱਦ ਤੈਅ ਕਰ ਦਿਤੀ ਕਿ ਦਸਾਂ ਦਿਨਾਂ ਦੇ ਅੰਦਰ ਹੱਥ ਲਿਖਿਆ ਖਰੜਾ ਉਹਨਾਂ ਤੱਕ ਪਹੁੰਚ ਜਾਣਾ ਚਾਹੀਦਾ ਹੈ। ਕਲਮ-ਕਟਾਰ ਦੇ ਧਨੀ ਲੇਖਕ ਗੁਰਬਚਨ ਸਿੰਘ ਭੁੱਲਰ ਅਕਲ ਵਿਚ ਤਾਂ ਮੈਥੋਂ ਵਡੇ ਹੈਣ ਹੀ, ਉਮਰ ਵਿਚ ਵੀ ਵਡੇ ਹਨ। ਇਸ ਲਈ ਉਹਨਾਂ ਦੀ ਤੈਅ ਕੀਤੀ ਸਮਾਂ-ਸੀਮਾਂ ਮੈਨੂੰ ਪਾਲਣੀ ਹੀ ਪਈ। ਤੇ ਇਸਤਰਾਂ ਜੇ ਇਹ ਪੁਸਤਕ ਪਹਿਲੀ ਵਾਰ 2007 ਵਿਚ ਗੁਰਮੁਖੀ ਵਿਚ ਛਪ ਸਕੀ ਤਾਂ ਇਹ ਗੱਲ ਪਹਿਲਾਂ ਮੇਰੀ ਪਤਨੀ ਇੰਦਰਬੀਰ, ਬੇਟੀ ਨਵਰੀਤ, ਬੇਟੇ ਦੀਪਸ਼, ਅਨੇਕਾਂ ਦੋਸਤਾਂ-ਮਿੱਤਰਾਂ, ਕਈ ਵਾਰ ਅਜਨਬੀ ਸਰੋਤਿਆਂ ਦੀ ਤੇ ਫੇਰ ਜਸਬੀਰ ਭੁੱਲਰ ਦੀ ਮੁਢਲੀ ਪ੍ਰੇਰਨਾਂ ਸਦਕਾ ਅਤੇ ਅਖੀਰ ਵਿਚ ਗੁਰਬਚਨ ਸਿੰਘ ਭੁੱਲਰ ਦੀ ਤੈਅ ਕੀਤੀ ਸਮਾਂ-ਸੀਮਾਂ ਸਦਕਾ ਹੀ ਹੋ ਸਕੀ ਸੀ। ਤੇ ਜੇ ਇਹ ਸ਼ਾਹ-ਮੁਖੀ ਵਿਚ ਛਪ ਕੇ ਹੁਣ ਤੁਹਾਡੇ ਹੱਥਾਂ ਵਿਚ ਹੈ ਤਾਂ ਇਹ ਸਮੁੱਚਾ ਸਿਹਰਾ ਲਹਿੰਦੇ ਪੰਜਾਬ ਦੇ ਪਰੇਮੀਆਂ, 'ਮਾਂ-ਬੋਲੀ ਰੀਸਰਚ ਸੈਂਟਰ ਲਾਹੌਰ' ਦੀ ਕਿਰਪਾ ਅਤੇ ਖਾਸ ਤੌਰ'ਤੇ ਜਨਾਬ ਮੁਹੰਮਦ ਆਸਫ ਰਜ਼ਾ ਹੁਰਾਂ ਦੇ ਸਿਰ ਹੀ ਹੈ, ਜਿਨ੍ਹਾਂ ਦੀ ਪ੍ਰੇਰਨਾ, ਮੇਹਰਬਾਨੀ ਤੇ ਹਿੰਮਤ ਸਦਕਾ ਇਹ ਸੰਭਵ ਹੋ ਸਕਿਆ ਹੈ ਜੋ ਆਪਣੇ ਆਪ ਵਿਚ ਵੀ ਇੱਕ ਵੱਖਰੀ ਕਹਾਣੀ ਹੈ।

**ਪਸ਼ੌਰਾ ਸਿੰਘ ਢਿੱਲੋਂ, ਮਡੇਰਾ** (ਕੈਲੇਫੋਰਨੀਆਂ)

# ਦੁਆ

ਮੇਰੇ ਸਾਹਿਬਾ ਮੈਨੂੰ ਤੌਫੀਕ ਇਹ ਦੇਵੀਂ,
ਮੈਂ ਤੇਰੀ ਬਾਤ ਸਮਝਾਂ, ਬਾਤ ਵਿਚਲੀ ਰਮਜ਼ ਨੂੰ ਜਾਣਾਂ।

ਤੂੰ ਮੇਰੇ ਤੋਤਲੇ ਬੋਲਾਂ ਦਾ ਰਾਖਾ ਖੁਦ ਬਣੀਂ,
ਬਖਸ਼ ਦੇਵੀਂ ਉਹ ਬੋਲੇ ਬੋਲ ਜੋ ਨਾ ਠੀਕ ਕਹਿ ਪਾਵਾਂ।

ਮੇਰੇ ਇਹਸਾਸ ਨੂੰ ਕਿਰਦਾਰ ਨੂੰ ਉਹ ਨਿਮਰਤਾ ਦੇਵੀਂ,
ਮੈਂ ਤੇਰੇ ਲਾਲੋਆਂ ਦਾ ਥਹੁ-ਪਤਾ ਈ ਭੁੱਲ ਨਾ ਜਾਵਾਂ।

ਸ਼ੁਭ ਕਰਮਨਾਂ ਤੋਂ ਨਾ ਟਰਾਂ ਤੇ ਨਾ ਡਰੋਂ ਅਰ ਸੋਂ,
ਜਾਬਰ ਦਨਦਨਾਉਂਦੇ ਵੇਖ ਕੇ ਮੈਂ ਦਹਿਲ ਨਾ ਜਾਵਾਂ।

ਕਾਤਲ ਬਾਜ਼ੂਆਂ ਵਿਚ ਦਰਦ ਦਿਲ ਵਿਚ ਖੌਫ ਭਰ ਦੇਵੀਂ,
ਦਰਗਾਹਾਂ ਕਦੇ ਨਾ ਬਨਣ ਦੇਵੀਂ ਫਿਰ ਕਤਲਗਾਹਾਂ।

ਭਲਾ ਸਰਬੱਤ ਦਾ ਮੰਗਾਂ ਤੇ ਇਸ ਦੇ ਨਾਲ ਫਿਰ ,
ਆਪਣੇ ਬੱਚਿਆਂ ਦੀ ਖੂਬਸੂਰਤ ਜ਼ਿੰਦਗੀ ਚਾਹਵਾਂ।

ਫਿਰ ਜੇ ਹੋ ਸਕੇ ਤਾਂ ਧੋ ਦਵੀਂ ਲੱਗੀ ਓਹ ਹਰ ਤੋਹਮਤ,
ਤੇਰੇ ਦਰਬਾਰ ਆਖਰਕਾਰ ਜਦ ਮੈਂ ਸੱਦਿਆ ਆਵਾਂ।

ਗੀਤਕਾਰ ਹਾਂ ਮੈਂ ਜ਼ਿੰਦਗੀ ਦੇ ਗੀਤਲਿਖਦਾ ਹਾਂ।. . .
ਮੇਰੇ ਗੀਤਾਂ ਦਿਆਂ ਨੈਣਾਂ 'ਚ ਬਿਰਹੋਂ ਰੜਕ ਵੀ ਪੈਂਦੀ।
ਕਦੇ ਪਰ ਬੇਬਸੀ ਮੇਰੀ ਚੌਰਾਹੇ ਰੋਣ ਨਈਂ ਬਹਿੰਦੀ।
ਮੇਰੇ ਗੀਤਾਂ'ਚ ਹਰ ਇਨਸਾਨ ਲਈ ਅਰਦਾਸ ਹੁੰਦੀ ਏ।
ਹੱਕ-ਇਨਸਾਫ ਲਈ ਆਖਣ-ਸੁਣਨ ਦੀ ਆਸ ਹੁੰਦੀ ਏ।

# ਕਵਿਤਾਵਾਂ

# ਅਤੇ

# ਗੀਤ

# ਕੀ ਰੱਖੀਏ ਨਾਂ ਇਸ ਆਲਮ ਦਾ

ਕੀ ਰੱਖੀਏ ਨਾਂ ਇਸ ਆਲਮ ਦਾ!
ਇਨ੍ਹਾਂ ਦਿਲ ਵਿਚ ਰਿਸਦੀਆਂ ਯਾਦਾਂ ਦਾ।
ਸਾਥੋਂ ਟੁਟ ਗਏ ਕੌਲ - ਕਰਾਰਾਂ ਦਾ,
ਉਨ੍ਹਾਂ ਅਣਸੁਣੀਆਂ ਫਰਿਆਦਾਂ ਦਾ।

ਨਿੱਕੇ ਜਹੇ ਪਿੰਡ ਮੇਰੇ ਲੋਕਾਂ ਨੂੰ,
ਆਸਾਂ ਸਨ ਵਡੀਆਂ ਮੇਰੇ ‘ਤੇ।
ਮੈਂ ਚਾਨਣ ਲੈ ਕੇ ਪਰਤਾਂਗਾ,
ਸੱਜਾਂਗਾ ਆਣ ਬਨੇਰੇ ਤੇ।
ਪਰ ਤਲਖ ਹਵਾਵਾਂ ਦੇ ਸਾਹਵੇਂ,
ਨਾ ਚੱਲਿਆ ਜ਼ੋਰ ਚਿਰਾਗਾਂ ਦਾ।

ਇਹ ਖਸਲਤ ਰਹੀ ਹਨ੍ਹੇਰੇ ਦੀ,
ਕੋਈ ਜੁਗਨੂੰ ਇਸ ਨੂੰ ਭਾਉਂਦਾ ਨਈ੍ਹਂ।
ਉਹ ਟਿਮਕਣ ਬਾਝੋਂ ਰਹਿੰਦਾ ਨਈ੍ਹਂ,
ਤੇ ਨ੍ਹੇਰਾ ਚਾਨਣ ਚਾਹੁੰਦਾ ਨਈ੍ਹਂ।
ਇਹ ਝੜਪ ਨਹੀਂ ਕੁਝ ਰਾਤਾਂ ਦੀ,
ਇਹ ਘੋਲ ਹੈ ਆਦਿ–ਜੁਗਾਦਾਂ ਦਾ।

ਇਕ ਐਸੀ ਰਾਤ ਦਾ ਆਲਮ ਸੀ,
ਮੈਂ ਸੰਗ ਜੁਗਨੂੰਆਂ ਤੁਰ ਆਇਆ।
ਮਾਂ ਸੇਜਲ – ਨੈਣੀਂ ਤਕਦੀ ਰਹੀ,
ਜੂਹ ਪਾਰ ਲੰਘਾ ਪਿਉ ਮੁੜ ਆਇਆ।
ਉਹ ਮੇਰੀਆਂ ਮੰਨਤਾਂ ਮੰਨਦੇ ਰਹੇ,
ਖੁਦ ਜੀਉਂਦੇ ਜੀਣ ਆਜ਼ਾਬਾਂ ਦਾ।

ਮੈਂ ਹਾਂ ਤੇ ਕੈਸਾ ਦੀਪਕ ਹਾਂ,
ਜੋ ਪਾਰ – ਸਮੁੰਦਰ ਬਲਿਆ ਹਾਂ।
ਲੈ ਚਮਕ ਅਮਾਨਤ ਤੁਰ ਆਇਆਂ,
ਸੰਗ ਚੰਨ ਚਾਨਣੀ ਰਲਿਆ ਹਾਂ ।
ਮੇਰੇ ਸਿਰ ਤੋਂ ਕਰਜ਼ਾ ਨਹੀਂ ਲਹਿਣਾ,
ਮੇਰੇ ਪਿੰਡ ਦਿਆਂ ਜੂਨ – ਖਰਾਬਾਂ ਦਾ।

# ਪੀਂਘਾਂ ਕਿੱਥੇ ਪਾਵਾਂ

ਪਿਪਲਾਂ ਦੇ ਸੰਗ ਬੋੜ੍ਹ ਗਵਾ ਲਏ,
ਬੋੜ੍ਹਾਂ ਦੇ ਸੰਗ ਛਾਵਾਂ।
ਟਾਹਲੀਆਂ ਗਈਆਂ ਆਏ ਸੁਫੈਦੇ,
ਪੀਂਘਾਂ ਕਿਥੇ ਪਾਵਾਂ।

ਚੁੰਝ ਵਿਚ ਤਿਨਕਾ ਲਈ ਪਰਿੰਦਾ
ਉਡਿਆ ਚਾਰ ਚੁਫੇਰੇ,
ਜੂਹਾਂ ਦੇਸੀ ਬਿਰਖ ਦਸੌਰੀ,
ਕਿਧਰ ਆਲ੍ਹਣਾਂ ਪਾਵਾਂ।

ਪਿਛਲੀ ਰਾਤੇ ਚੜ੍ਹੀ ਹਨੇਰੀ,
ਕਰ ਗਈ ਤੀਲਾ - ਤੀਲਾ,
ਲੁਕ ਛੁਪ ਕੇ ਕੋਈ ਬਚੀ ਕਰੂੰਬਲ,
ਪੱਤਰ ਟਾਵਾਂ ਟਾਵਾਂ।

ਲੱਗੀ ਲੋਅ ਤੇ ਕੀ ਪਿਆ ਵੇਖਾਂ,
ਬੰਦ ਦਿਸਣ ਦਰਵਾਜ਼ੇ,
ਤੱਖਤਪੋਸ਼ ਤੇ ਖੁਲ੍ਹਿਆ ਠੇਕਾ
ਪਿੰਡ ਦੀ ਸੱਥ ਵਿਚ ਠਾਣਾ।

ਖੂਹਾਂ ਤੇ ਸੀ ਰੱਬ ਵਸੇਂਦਾ,
ਉਹ ਵੀ ਰੁਸਦਾ ਲਗਿਆ,
ਜੱਟ ਮਰਦੇ ਖੁਦਕੁਸ਼ੀਆਂ ਕਰਦੇ,
ਚੰਬੜੀਆਂ ਦਿਨੇ ਬਲਾਵਾਂ।

ਗੁਰੂਆਂ ਪੀਰਾਂ ਦੀ ਉਹ ਧਰਤੀ,
ਧਾਹਾਂ ਮਾਰ ਕੇ ਰੋਈ,
ਜਿਉਂ ਕੋਈ ਲਾੜੀ ਸੱਜ ਵਿਆਹੀ,
ਲੁਟ ਲਈ ਆਪ ਕਹਾਰਾਂ।

ਸੱਪਣੀ ਸਿਰ ਤੇ ਫੂਕਾਂ ਮਾਰੇ,
ਬੋਟ ਆਲ੍ਹਣੇ ਸਹਿਮੇ,
ਉਤਰ ਪਹਾੜੋਂ ਆ ਵੇ ਜੋਗੀ,
ਪੁੱਟ ਵਰਮੀ ਨੂੰ ਢਾਵਾਂ।

ਪਿਪਲਾਂ ਦੇ ਸੰਗ ਬੋੜ੍ਹ ਗਵਾ ਲਏ,
ਬੋੜ੍ਹਾਂ ਦੇ ਸੰਗ ਛਾਵਾਂ।
ਟਾਹਲੀਆਂ ਗਈਆਂ ਆਏ ਸੁਫੈਦੇ,
ਪੀਂਘਾਂ ਕਿਥੇ ਪਾਵਾਂ।

# ਤਲੀ ‘ਤੇ ਸੀਸ

ਕੱਲ੍ਹ ਦੀ ਬਾਤ ਹੈ ਸੀ ਆਦਮੀ ਕੁਝ ਇਸ ਤਰਾਂ ਡਰਦਾ।
ਸ਼ੇਰ ਆਇਆ ਬਚਾਓ ਸ਼ੋਰ ਡਰਦਾ ਆਜੜੀ ਕਰਦਾ।
ਉਸਦਾ ਸੱਚ ਸੀ ਜਾਂ ਸ਼ੁਗਲ ਸੀ ਇਹ ਤਾਂ ਓਹੀ ਜਾਣੇ,
ਉਸ ਦੇ ਸ਼ੋਰ ‘ਤੇ ਸੀ ਪਿੰਡ ਸਾਰਾ ਪੈਰਵੀ ਕਰਦਾ।

ਅਜੋਕੇ ਦੌਰ ਵਿਚ ਤਾਂ ਆਦਮੀ ਨੂੰ ਉਹ ਨਹੀਂ ਖਾਂਦਾ।
ਸ਼ੁਹਦਾ ਸ਼ੇਰ ਤਾਂ ਪੂਛਲ ਦਬਾ ਕੇ ਦੌੜ ਹੈ ਜਾਂਦਾ।
ਪਸੂ, ਪੰਛੀ , ਪੰਖੇਰੂ , ਆਲ੍ਹਣੇ ਇਸ ਤੋਂ ਤਰਹਿੰਦੇ ਨੇ,
ਜੇ ਖਾਂਦਾ ਹੈ ਤਾਂ ਕੇਵਲ ਆਪ ਨੂੰ ਹੁਣ ਆਦਮੀ ਖਾਂਦਾ।

ਚੁਫੇਰੇ ਪਕੜ ਹੈ ਇਸਦੀ ਵਿਛਾਈ ਜਾਲ ਹੈ ਬੈਠਾ।
ਸਾਗ਼ਰ, ਝਲਿ , ਨਦੀਆਂ , ਸ਼ੁਧ ਹਵਾ ਗੰਧਾਲ ਹੈ ਬੈਠਾ।
ਰੱਬ ਜੇ ਚੜ੍ਹ ਗਿਆ ਅਸਮਾਨ ਫਿਰ ਵੀ ਉਸਦੀ ਸ਼ਾਮਤ ਹੈ।
ਕੋਈ ਸਵਰਗ ਤੇ ਨਾ ਨਰਕ ਹੁਣ ਇਸ ਤੋਂ ਸਲਾਮਤ ਹੈ।

ਵਿਛਾਏ ਜਾਲ ਵਿਚ ਪਰ ਫਸ ਗਿਆ ਸਭ ਜਾਣਦਾ ਬੰਦਾ।
ਧਰਮ-ਈਮਾਨ ਲਈ ਲੜਦਾ ਵੀ ਬੇ-ਈਮਾਨ ਹੈ ਬੰਦਾ।
ਆਵੇ ਨਿਮਰਤਾ ਅੰਦਰ, ਨਹੀਂ ਇਸਦਾ ਬਦਲ ਵੀ ਕੋਈ,
ਤਲੀ ‘ਤੇ ਸੀਸ ਰੱਖ ਕਰਦਾ ਜਦੋਂ ਬਲੀਦਾਨ ਹੈ ਬੰਦਾ!

# ਸਮੇਂ ਦੀ ਡਾਚੀ

(ਇੱਕੀਵੀਂ ਸਦੀ ਦੇ ਜਸ਼ਨ ਤੇ ਸਤੰਬਰ 2001 ਦੇ ਦੁਖਾਂਤ ਨੂੰ ਸਮਰਪਿਤ)

ਆਏ ਸਾਂ ਬਹੁਤ ਦੂਰੋਂ ਕੋਹ ਹੋਰ ਸੌ ਮੁਕਾਇਆ।
ਚੜ੍ਹਦੀ ਸਦੀ ਦੁਆਲੇ ਇਕ ਨੂਰ ਨਜ਼ਰ ਆਇਆ।

ਮਾਰੂਥਲੀ ਸਿਖਰ ਤੋਂ ਮੰਜ਼ਲ ਦੇ ਕਲਸ਼ ਲਿਸ਼ਕੇ,
ਉਹ ਰਾਤ ਸੀ ਗੁਲਾਬੀ ਭਰ ਜਸ਼ਨ ਸੀ ਮਨਾਇਆ।

ਜਾਂ ਤੜਕਸਾਰ ਹੋਈ , ਡਾਚੀ ਸਮੇਂ ਦੀ ਉੱਠੀ,
ਭਜ ਤੁਰੀ ਪਿਛਾਹ ਨੂੰ ਡਾਚੀ ਨੂੰ ਜਦ ਉਠਾਇਆ।

ਉਹ ਹੋਰ ਤੇਜ਼ ਨੱਠੀ ਤੇ ਹੋਰ ਜ਼ੋਰ ਮਸਤੀ,
ਅਗਿਉਂ ਦੀ ਰੋਕਣਾ ਜਦ ਰਲ ਕਾਫਲੇ ਨੇ ਚਾਹਿਆ।

ਹੋਇਆ ਜਾਂ ਪਹੁ - ਫੁਟਾਲਾ ਤੇ ਬੇਨਿਕਾਬ ਚੇਹਰੇ,
ਆਪਣੇ ਸੀ ਮਹਾਂ-ਰੱਥੀਆਂ ਡਾਚੀ ਦਾ ਮੂੰਹ ਭੰਵਾਇਆ।

ਡਾਚੀ ਸੀ ਬੇ - ਮੁਹਾਰੀ ਤੇ ਕਾਰਵਾਂ ਪਰੇ- ਸ਼ਾਂ ,
ਪਿੱਛੈ ਹੈ ਬਿੱਖੜਾ ਪੈਂਡਾ ਮਰਕੇ ਮਸਾਂ ਮੁਕਾਇਆ।

ਡਾਚੀ ਦਾ ਮੂੰਹ ਪਿਛਾਂਹ ਨੂੰ, ਚੜ੍ਹਦੀ ਸਦੀ ਅਗਾਂਹ ਨੂੰ,
ਆਪਣੇ ਹੀ ਸ਼ਾਹ-ਸਵਾਰਾਂ ਕੀਤਾ ਕੀ ਹੇ-ਖੁਦਾਇਆ।

# ਅਸੀਂ ਪਾਹਰੂ ਬਣੇ

ਨਹੀਂ ਸਨਮਾਨ ਦੀ ਇੱਛਾ ਚੜ੍ਹੇ ਦਿਨ ਮੁਖਬਰੀ ਕਰ ਕੇ।
ਅਸੀਂ ਤਾਂ ਦਿਆਂਗੇ ਪਹਿਰਾ ਰਾਤ ਹਰ ਮੋੜ 'ਤੇ ਖੜ੍ਹ ਕੇ।

ਅਸੀਂ ਪਾਹਰੂ ਬਣੇ ਸਾਂ ਪਿੰਡ ਨੂੰ ਜਦ ਸੰਨ੍ਹ ਆ ਲੱਗੀ,
ਏਸੇ ਦੋਸ਼ ਲਈ ਹਰ ਚੋਰ ਦੀ ਹਾਂ ਅੱਖ ਵਿਚ ਰੜਕੇ।

ਭਲਾ ਇਸ ਪਿੰਡ ਦਾ ਮੰਗਦੇ ਜਦੋਂ ਬੰਦੇ ਤਿਰੇ ਰੱਬਾ,
ਓਦੋਂ ਹੀ ਕਹਿਰ ਟੁਟ ਪੈਂਦਾ ਹੈ ਉੱਚੇ ਕੂਟ ਤੋਂ ਚੜ੍ਹ ਕੇ।

ਜੇ ਰੁੱਖ ਹੀ ਨਾ ਰਹੇ ਦਸ ਆਲ੍ਹਣੇ ਸਿਰ 'ਤੇ ਬਣਾਓਗੇ,
ਉੱਡਿਆ ਸਦਾ ਨਈਂ ਜਾਣਾ ਤਿਨਕੇ ਚੁੰਝ ਵਿਚ ਭਰ ਕੇ।

ਚੁਰਸੱਤੇ ਤੋਂ ਹੀ ਇੱਕ ਰਸਤਾ ਸੀ ਰੰਗ ਤੇ ਰੌਸ਼ਨੀ ਵਾਲਾ,
ਦਸਦੈ ਮੀਲ - ਪੱਥਰ ਤਾਂ ਚੜ੍ਹੇ ਹਾਂ ਹੋਰ ਹੀ ਸੜਕੇ

ਬਣੇਗਾ ਕਾਫਲੇ ਦਾ ਕੀ ਜੋ ਆਇਆ ਦੂਰ ਤੋਂ ਚੱਲ ਕੇ,
ਜੇ ਡਾਚੀ ਸਮੇਂ ਦੀ ਅਜ ਲੈ ਗਿਆ ਕੋਈ ਹੋਰ ਹੀ ਫੜ ਕੇ।

ਜੋ ਪਹੀਆ ਰੋਕਦੇ ਨੇ ਸਮੇਂ ਦਾ ਬਾਂਹਵਾਂ ਤੁੜਾ ਬਹਿੰਦੇ,
ਅਸੀਂ ਤਾਂ ਦਿਆਂਗੇ ਗੇੜਾ ਅਗੇਰੇ ਅਰਾਂ ਤੋਂ ਫੜ ਕੇ।

# ਪਿਆਰ ਦਾ ਗੁਣਾ-ਫਲ

ਜੀਤ ਤੇਰੀ ਸੱਜਣਾ! ਨਾ ਹੀ ਸਾਡੀ ਹਾਰ ਪਿਆਰੇ।
ਇਹ ਸੋਚ ਆ ਗਏ ਹਾਂ ਫਿਰ ਦੂਜੀ ਵਾਰ ਪਿਆਰੇ।

ਸੁਣਿਐ ਨਿਹੱਥਿਆਂ 'ਤੇ ਤਲਵਾਰ ਨਹੀਂ ਉਠਾਉਂਦੇ,
ਆਪਾਂ ਸੰਭਾਲ ਆਏ ਆਪਣੀ ਕਟਾਰ ਪਿਆਰੇ।

ਪਹੁੰਚੇ ਤੇਰੀ ਗਲੀ ਤੇ ਸਿਰ ਧਰ ਲਿਆ ਤਲੀ 'ਤੇ,
ਇਹ ਭਰਮ ਹੀ ਰਹੇ ਨਾ ਬੁਜ਼ਦਿਲ ਸਾਂ ਯਾਰ ਪਿਆਰੇ

ਤੂੰ ਹੀ ਕਿਹਾ ਸੀ ਸੱਜਣਾ ਹੈ ਉਸ ਤਰਾਂ ਹੀ ਵਧਣਾ,
ਇਹ ਪਿਆਰ ਦਾ ਗੁਣਾ-ਫਲ ਦੋ ਤੋਂ ਹੋ ਚਾਰ ਪਿਆਰੇ।

ਤੇਰੀ ਹੀ ਬਨ੍ਹ ਕੇ ਪੱਲੇ ਨਿਕਲੇ ਨਹੀਂ ਇੱਕਲੇ,
ਸਾਡੇ ਜਿਹਾਂ ਦੀ ਆਈ ਲੰਮੀ ਕਤਾਰ ਪਿਆਰੇ।

ਹੁਣ ਵੀ ਨਕਾਬ ਰਹਿਣਾ ਮੁਖੜਾ ਛੁਪਾ ਕੇ ਬਹਿਣਾ,
ਇਹ ਨਹੀਂ ਹਾਦਸਾ ਨਿਗੂਣਾ, ਸੋਚੀਂ ਵਿਚਾਰ ਪਿਆਰੇ।

# ਤੇਰੀ ਮੇਰੀ ਸਾਂਝ

ਤੇਰੀ ਮੇਰੀ ਸਾਂਝ ਰਿਸ਼ਤਾ ਵਾਸਤਾ ਹੈ ਇਸਤਰਾਂ।
ਧਰਤ ਤੇ ਆਕਾਸ਼ ਵਿਚਲਾ ਰਾਬਤਾ ਹੈ ਜਿਸ ਤਰਾਂ।
ਤੇਰੀ ਮੇਰੀ ਸਾਂਝ..........................

ਅੰਬਰਾਂ ਤੋਂ ਟੁਟ ਕੇ ਧਰਤੀ ਅਚਾਨਕ ਡਿਗ ਪਈ,
ਮੈਂ ਬਹਿਸ਼ਤੋਂ ਕੱਢਿਆ ਹਾਂ ਕੌਣ ਜਾਣੇ ਕਿਸਤਰਾਂ।
ਤੇਰੀ ਮੇਰੀ ਸਾਂਝ..........................

ਪੈਂਡਿਆਂ ਵਿਚ ਰਾਤ ਦਿਨ ਲਭਦੀ ਗਵਾਚੇ ਮੂਲ ਨੂੰ,
ਮੈਂ ਹਾਂ ਆਵਾਗੌਣ ਵਰਗੇ ਚੱਕਰਾਂ ਵਿਚ ਜਿਸ ਤਰਾਂ।
ਤੇਰੀ ਮੇਰੀ ਸਾਂਝ..............................

ਤਾਰਿਆਂ ਦੀ ਭੀੜ ਵਿਚ ਉਹ ਰੋਜ਼ ਗੇੜੇ ਮਾਰਦੀ,
ਮੈਂ ਹਾਂ ਤੈਨੂੰ ਢੂੰਡਦਾ ਸਭ ਚੇਹਰਿਆਂ ਵਿਚ ਜਿਸ ਤਰਾਂ।
ਤੇਰੀ ਮੇਰੀ ਸਾਂਝ............................

ਉਸ ‘ਤੇ ਨੇ ਦੈਵੀ ਬੰਦ੍ਹਸ਼ਾਂ ਮੇਰੇ ਤੇ ਸੌ ਪਾਬੰਦੀਆਂ,
ਮੰਜ਼ਲੇ- ਮਖਸੂਦ ਦੇ ਰਾਹੀ ਨਾ ਰੁਕਦੇ ਇਸ ਤਰਾਂ।
ਤੇਰੀ ਮੇਰੀ ਸਾਂਝ...........................

ਪਾਸ ਤੋਂ ਵੇਖਾਂ ਤਾਂ ਕੋਹਾਂ ਦੂਰ ਦੂਰੋਂ ਪਾਸ ਹੈਂ,
ਦਿਸਹਦੇ ਤੇ ਮੇਲ ਦੋਹਾਂ ਦਾ ਅਜ਼ਲ ਤੋਂ ਜਿਸ ਤਰਾਂ।
ਤੇਰੀ ਮੇਰੀ ਸਾਂਝ...........................

# ਚੜ੍ਹਨਹਾਰਾ ਦਿਨ

ਚੜ੍ਹਨਹਾਰਾ ਦਿਨ ਹੈ ਯਾਰੋ ਗੁਜ਼ਰ ਜਾਣੀ ਰਾਤ ਹੈ।
ਹਰ ਹਨੇਰੀ ਰਾਤ ਪਿੱਛੇ ਸੋਨ ਜਿਹੀ ਪ੍ਰਭਾਤ ਹੈ।
ਚੜ੍ਹਨਹਾਰਾ ਦਿਨ . . . . . . . . . . . . . . . .

ਗਿਰ ਗਿਆ ਸੈਂ ਕਿਸਤਰਾਂ ਹੁਣ ਓਸ ਦਾ ਨਾ ਵਹਿਮ ਕਰ,
ਉੱਠਣਾ ਹੈ ਜਿਸਤਰਾਂ ਇਹ ਬਾਤ ਹੀ ਇਕ ਬਾਤ ਹੈ।
ਚੜ੍ਹਨਹਾਰਾ ਦਿਨ . . . .. . . . . . . . . . . . . . .

ਉਹ ਬੀਜ ਵਾਂਗੂੰ ਰਲ ਗਏ ਘੱਟੇ ਨੇ ਹਿਉਂ ਜਿਉਂ ਰੋਲਿਆ,
ਤੇ ਬਿਰਖ ਵਾਂਗੂੰ ਉੱਗਣੇ ਹੋਣੀ ਜਦੋਂ ਬਰਸਾਤ ਹੈ।
ਚੜ੍ਹਨਹਾਰਾ ਦਿਨ . . . . . . . . . . . . . . . . . .

ਅਹੁ ਬਿਜਲੀਆਂ ਨੇ ਸਾੜ'ਤਾ ਸਹਿਵਨ ਖਲੋਤੇ ਰੁੱਖ ਨੂੰ,
ਇਹ ਰੁੱਖ ਦੀ ਜੀਰਾਂਦ ਹੈ ਉਹ ਅੱਗ ਦੀ ਔਕਾਤ ਹੈ।
ਚੜ੍ਹਨਹਾਰਾ ਦਿਨ . . . . . . . . . . . . . . . . . .

ਕੀ ਸੋਚ ਕੇ ਬਦਲੀ ਨੇ ਦੱਸੋ ਚੰਨ ਦਾ ਰਾਹ ਰੋਕਿਆ,
ਫਿਰ ਪਾਣੀ ਪਾਣੀ ਹੋ ਗਈ ਹੋਇਆ ਜਦੋਂ ਅਹਿਸਾਸ ਹੈ।
ਚੜ੍ਹਨਹਾਰਾ ਦਿਨ . . . . . . . . . . . . . . . . . ...

ਪੱਥਰ ਦਾ ਸੀਨਾ ਫੋਲਕੇ ਬੁੱਤ-ਘਾੜਿਆਂ ਨੇ ਵੇਖਿਆ,
ਪੱਥਰਾਂ ਦੇ ਵਿਚ ਵੀ ਕੋਮਲ – ਕਲਾ ਦਾ ਵਾਸ ਹੈ।
ਚੜ੍ਹਨਹਾਰਾ ਦਿਨ . . . . . . . . . . . . . . . .

# ਸਤੰਬਰ 2001

ਕਿਸਤਰਾਂ ਦਾ ਸਾਲ ਸੀ ਲੰਘਿਆ ਉਹ ਸਾਲ ਹੈ।
ਤਰਕ ਸੀ ਵੰਗਾਰ ਸੀ ਕਹਿਣਾ ਮੁਹਾਲ ਹੈ।

ਠੰਢੀ ਲੜਾਈ* ਵਿਚ ਤਾਂ ਸੀ ਖ਼ੂਨ ਹੀ ਸੁਫੈਦ;
ਇਸ ਦੌਰ ਵਿਚ ਤਾਂ ਅਥਰੂ ਵੀ ਸੂਹਾ ਲਾਲ ਹੈ।

ਆਦਮੀ ਨੇ ਧਰਮ ਇਕ ਘੜਿਆ ਸੀ ਆਸਰਾ,
ਉਹ ਜਨੂੰਨੀ ਹੋ ਗਿਆ ਉਹ ਫਿਰ ਨਿਢਾਲ ਹੈ।

ਮਰ ਗਿਆਂ ਲਈ ਵੈਣ ਤਾਂ ਓਹੀ ਜੋ ਸਨ ਹਮੇਸ਼,
ਕਾਤਲਾਨਾ ਕਹਿਰ ਰੰਜਸ਼ ਬੇ – ਮਿਸਾਲ ਹੈ।

ਇਕ ਤਰਫ ਉਹ ਬਿਜਲੀ ਜੋ ਸਾੜੇ ਗਰਜ ਤੋਂ ਪਹਿਲਾਂ,
ਦੂਜੀ ਉਹ ਬਲਦਾ ਰੁੱਖ ਜੋ ਅੱਗ 'ਤੇ ਸਵਾਰ ਹੈ।

ਉੱਚੇ ਮਹੱਲਾਂ ਵਿਚ ਵੀ ਹੁਣ ਲੋਕ ਬੇ–ਆਰਾਮ;
ਜੋ ਸ਼ੋਰ ਸ਼ਹਿਰੋਂ ਦੂਰ ਸੀ ਹੁਣ ਮਹਿਲਾਂ ਨਾਲ ਹੈ।

*ਠੰਢੀ ਲੜਾਈ* (ਕੋਲਡ ਵਾਰ)

# ਯਾਦ-ਪੱਥਰ

ਪਿੰਡ ਰੁੜ੍ਹ ਜਾਏਗਾ ਬੰਨ੍ਹ ਜੇ ਟੁਟਿਆ,
ਕਾਜ਼ੀ ਡੁੱਬਾ ਫਿਕਰ ਵਿਚ ਹੀ ਮਰ ਗਿਆ।

ਸਮੇਂ ਦੀ ਸਰਕਾਰ ਪਰ ਨਾ ਗੌਲਿਆ,
ਦਰਿਆ ਵੀ ਚੁੱਪ-ਚਾਪ ਹੀ ਵਗਦਾ ਰਿਹਾ।

ਚੜ੍ਹ ਗਈ ਇਕ ਦਿਨ ਅਚਾਨਕ ਕਾਂਗ ਫਿਰ,
ਰੁੜ੍ਹ ਗਿਆ ਜੋ ਵੀ ਜਿਧਰ ਭਜਦਾ ਰਿਹਾ।

ਲੈ ਗਈ ਮਿੱਟੀ ਵੀ ਪਿੰਡ ਦੀ ਰੋੜ੍ਹ ਕੇ,
ਮਾਲ-ਢਾਂਡਾ ਨਾ ਖੁਰਾ ਵੱਗ ਦਾ ਰਿਹਾ।

ਮਗਰ - ਮੱਛ ਦੇ ਅੱਥਰੂ ਕੇਰੇ ਤੁਰਤ ਸਰਕਾਰ ਨੈ,
ਸਿਲਸਲਾ ਫਿਰ ਸ਼ੋਕ ਮਤਿਆਂ ਦਾ ਬੜਾ ਚਲਦਾ ਰਿਹਾ।

ਮੋਇਆਂ ਦੇ ਨਾਂ ਖੁਲ੍ਹ ਗਏ ਫੰਡ ਦੇਸ ਵੀ ਪਰਦੇਸ ਵੀ,
ਅਗਲੀ ਆਫਤ ਆਉਣ ਤਕ ਧੰਦਾ ਬੜਾ ਫਲਦਾ ਰਿਹਾ।

ਬੰਨ੍ਹ ਕਿਉਂ ਟੁੱਟਾ, ਕਿਵੇਂ ਟੁੱਟਾ ਤੇ ਕਾਜ਼ੀ ਮਰ ਗਿਆ,
ਉੱਚ-ਪੱਧਰੀ ਜਾਂਚ ਦਾ ਇਕ ਭਰਮ ਵੀ ਪਲਦਾ ਰਿਹਾ।

ਮੰਤਰੀ ਜੀ ਰੁੜ੍ਹ ਗਿਆਂ ਥਾਂ ਯਾਦ-ਪੱਥਰ ਲਾ ਗਏ,
ਬਰਸੀਆਂ ਤੇ ਹਰਾ ਲਾਟੂ ਹਰ ਵਰ੍ਹੇ ਬਲਦਾ ਰਿਹਾ।

# ਜੇ ਰੁੱਖ ਹੀ ਨਾ ਰਹੇ

ਕੋਈ ਤੇ ਹੌਂਸਲਾ ਦੇਵੋ ਮੇਰੇ ਉਸ ਦੇਸ ਬਾਬੁਲ ਨੂੰ,
ਉਹ ਪਰਬਤ ਹੌਂਸਲੇ ਵਾਲੇ ਖੁਰਦਿਆਂ ਖੁਰ ਰਹੇ ਵੇਖੋ।

ਮਾਵਾਂ ਹਸਦੀਆਂ ਵੀ ਰੋਂਦੀਆਂ ਹੁਣ ਹਰ ਜਣੇਪੇ ਤੇ,
ਖੁਸ਼ੀ ਤੇ ਖੌਫ ਦੇ ਹੰਝੂ ਇਕੱਠੈ ਵਹਿ ਰਹੇ ਵੇਖੋ।

ਪਾਲ-ਪੋਸ ਕੇ ਧੀਆਂ ਤੇ ਘਰ ਤੋਂ ਸੀ ਵਿਦਾ ਕਰਦੇ,
ਪਾਲ - ਪੋਸ ਕੇ ਪੁਤਰ ਤਾਂ ਵਤਨੋਂ ਤੁਰ ਗਏ ਵੇਖੋ।

ਕਾਲੇ ਪਾਣੀਆਂ ਦਾ ਨਾਮ ਤੇ ਬਦਨਾਮ ਸੀ ਪਹਿਲਾਂ,
ਗੋਰੀ ਧਰਤੀਆਂ ਤੇ ਪੂਰ ਭਰ ਭਰ ਲਹਿ ਰਹੇ ਵੇਖੋ।

ਸਦਾ ਹੀ ਆਲ੍ਹਣੇ ਨੂੰ ਬਿਰਖ ਦਾ ਮਿਲਿਆ ਸਹਾਰਾ ਸੀ,
ਸਿਤਮ ਕੁਝ ਆਲ੍ਹਣੇ ਹੀ ਬਿਰਖ ਉਥੇ ਨਿਗਲ ਗਏ ਵੇਖੋ।

ਜੇ ਰੁੱਖ ਹੀ ਨਾ ਰਹੇ ਕੀ ਆਲ੍ਹਣੇ ਸਿਰ ਤੇ ਟਿਕਾਓਗੇ,
ਪਰਿੰਦੇ ਆਲ੍ਹਣੇ ਵੱਲ ਪਰਤਣੋਂ ਵੀ ਝਿਜਕ ਰਹੇ ਵੇਖੋ।

# ਗੀਤ ਲਿਖਦਾ ਹਾਂ

ਹਾਰ ਦੀ ਹਾਰ ਲਿਖਦਾ ਹਾਂ, ਜੀਤ ਨੂੰ ਜੀਤ ਲਿਖਦਾ ਹਾਂ।
ਗੀਤਕਾਰ ਹਾਂ ਮੈਂ, ਜ਼ਿੰਦਗੀ ਦੇ ਗੀਤ ਲਿਖਦਾ ਹਾਂ।

ਮੇਰੇ ਗੀਤਾਂ 'ਚ ਮੇਰੇ ਮਿੱਤਰਾਂ ਦਾ ਜ਼ਿਕਰ ਹੁੰਦਾ ਏ।
ਮੇਰੇ ਗੀਤਾਂ 'ਚ ਸਾਂਝੇ ਦੁਸ਼ਮਣਾਂ ਦਾ ਫਿਕਰ ਹੁੰਦਾ ਏ।

ਮਰੇ ਗੀਤਾਂ ਦਿਆਂ ਨੈਣਾਂ 'ਚ ਬਿਰਹੋਂ ਰੜਕ ਵੀ ਪੈਂਦੀ,
ਕਦੇ ਪਰ ਬੇਬਸੀ ਮੇਰੀ, ਚੌਰਾਹੇ ਰੋਣ ਨਈ੍ਹੀਂ ਬਹਿੰਦੀ।

ਮੇਰੇ ਗੀਤਾਂ ਦੇ ਵੱਸ ਹੋਵੇ ਸ਼ਬਦ ਕੋਈ ਮਰਨ ਨਾ ਦੇਵਾਂ।
ਸਿਆਹੀ ਪੱਨਿਆਂ ਕਲਮਾਂ'ਚ ਅੱਥਰੂ ਭਰਨ ਨਾ ਦੇਵਾਂ।

ਮਮਤਾ ਰੋਲ ਕੇ ਕੋਈ ਪੁੱਤ ਫਿਰ ਪਰਦੇਸ ਨਾ ਆਵੇ।
ਕੇਵਲ ਰੁਜ਼ਗਾਰ ਲਈ ਲਾ ਕੇ ਦਿਲਾਂ ਨੂੰ ਠੇਸ ਨਾ ਜਾਵੇ।

ਮੇਰੇ ਗੀਤਾਂ ਦੀ ਧਰਤੀ ਤੇ ਕਈ ਵਾਰ ਇੰਜ ਹੋਇਆ।
ਹਨੇਰੇ ਛਾ ਗਏ ਘੁੱਪ-ਘੇਰ ਬੂਹਾ ਚਾਂਨਣੀ ਢੋਇਆ।

ਮਗਰ ਸੁੰਨਸਾਨ ਗਲੀਆਂ ਚੋਂ ਉਹ ਖੇੜੇ ਫੇਰ ਚਹਿਕੇ ਨੇ।
ਜੋ ਦੈਂਤਾਂ ਨੇ ਉਜਾੜੇ ਸੀ, ਉਹ ਖੇੜੇ ਫੇਰ ਮਹਿਕੇ ਨੇ।

ਇਨ੍ਹਾਂ ਨੂੰ ਰੱਬ ਦੀਆਂ ਰੱਖਾਂ ਰਹਿਣ ਸੁਰਜੀਤ ਲਿਖਦਾ ਹਾਂ।
ਹਾਰ ਦੀ ਹਾਰ ਲਿਖਦਾ ਹਾਂ, ਜੀਤ ਨੂੰ ਜੀਤ ਲਿਖਦਾ ਹਾਂ।

# ਹਿੰਦੁਸਤਾਨ ਦੇ ਭਾਗ

ਕਿਸਮਤ ਕੁੱਲ ਜਹਾਨ ਦੀ ਤੇਜ਼ ਹੋਈ,
ਲਿਸ਼ਕੇ ਭਾਗ ਕਿਉਂ ਨਾ ਹਿੰਦੁਸਤਾਨ ਤੇਰੇ।
ਨੀਵੀਂ ਨਜ਼ਰ ਉਦਾਸ ਮਾਯੂਸ ਚਿਹਰੇ,
ਰੁਲਦੇ ਸਿੱਖ ਹਿੰਦੂ ਮੁਸਲਮਾਨ ਤੇਰੇ।

ਉਹਨਾਂ ਘਰ ਰੁਜ਼ਗਾਰ ਲਈ ਲੈਣ ਤਰਲੇ,
ਕੱਟਣ ਗਏ ਜੋ ਕਲ੍ਹ ਗੁਜ਼ਰਾਨ ਤੇਰੇ।
ਆਖੂ ਕੌਣ ਹਿਮਾਲਾ ਦੀ ਧੌਣ ਉੱਚੀ,
ਦੂਹਰੇ ਲੱਕ ਜਦ ਫਿਰਨ ਆਵਾਮ ਤੇਰੇ।

ਅਸੀਂ ਹੋ ਕੇ ਵੀ ਨਹੀਂ ਆਜ਼ਾਦ ਹੋਏ,
ਕਿਉਂ ਨਈ੍ਹੀਂ ਪੁਛਦੇ ਲੋਕ ਸਵਾਲ ਯਾਰੋ।
ਦੇਵਾਂ ਦੋਸ ਹੁਣ ਕਿਹੜੇ ਫਰੰਗੀਆਂ ਨੂੰ,
ਹੁਣ ਤੇ ਦੇਸੀਆਂ ਕੀਤੀ ਕਮਾਲ ਯਾਰੋ।

ਫੇਰ ਮਜ੍ਹਬ ਨਾਲ ਮਜ਼ਬ ਟਕਰਾ ਦਿਤੇ,
ਰਾਜ ਵਿੱਟਰੇ ਰਾਜਾਂ ਦੇ ਨਾਲ ਯਾਰੋ।
ਇਕ ਡੇਗਦੀ ਦੂਜਾ ਓਠਾਲ ਲੈਂਦੀ,
ਪਿਛੋਂ ਖਿੱਚ ਕੇ ਜੁੰਡਲੀ ਤਾਰ ਯਾਰੋ।

ਵਡੇ ਛੋਟਿਆਂ ਨੇ ਪਾ ਲਏ ਮੁੱਲ ਆਪੇ,
ਛਿੱਕੇ ਟੰਗ ਲਈ ਵੇਖ ਵਡੇਰਿਆਂ ਨੇ।
ਜੋਬਨ - ਰੁਤੇ ਕਿਸਾਨੀ ਦੀ ਸ਼ਾਮ ਹੋਈ,
ਮੂੰਹ ਫੇਰਿਆ ਸੰਝ ਸਵੇਰਿਆਂ ਨੇ।

ਦਿਨੇ  ਲੁੱਟ ਲਈ ਚੋਰ – ਬਾਜ਼ਾਰੀਆਂ ਨੇ,
ਰਾਤੀਂ ਚੂੰਢ ਲਈ ਸਾਧਾਂ ਦਿਆਂ ਡੇਰਿਆਂ ਨੇ।
ਸੁਰਖੀ ਰੋਜ਼ ਅਖਬਾਰ ਦੀ ਡੁਸਕਦੀ ਏ,
ਪੀ ਲਈ ਹੋਰ ਸਲਫਾਸ ਬਥੇਰਿਆਂ ਨੇ।

ਆਵੇ ‘ਵਾਜ  ਸ਼ਹੀਦ  ਦੀ ਮੜ੍ਹੀ ਵਿਚੋਂ,
ਮੇਰੀ  ਮੜ੍ਹੀ  ਤੇ ਦੀਵਾ ਜਗਾਇਓ ਨਾ।
ਜਿਚਰ  ਕੰਡੇ  ਗੁਲਾਮੀ ਦੇ ਬੀਜਦੇ ਓ,
ਮੇਰੀ  ਮੜ੍ਹੀ  ਨੂੰ  ਫੁਲ ਛੁਹਾਇਓ ਨਾ।

ਮੇਰੀ ਸੁਰ ਥੀਂ ਸੁਰ ਜੇ ਮੇਲ ਦੇ ਨਈਂ,
ਐਵੇਂ ਗੀਤ ਆਜ਼ਾਦੀ ਦੇ ਗਾਇਓ ਨਾ।
ਲਿਖੋ   ਸੱਚੀਆਂ  ਕੋਸਦੀ ਲੇਖਕਾਂ ਨੂੰ,
ਐਵੇਂ  ਫਾਲਤੂ ਕਲਮ ਘਸਾਇਓ  ਨਾ।

# ਪਗੜੀ ਸੰਭਾਲ ਜੱਟਾ

ਉੱਠਿਆ ਏ ਫੇਰ ਤੇਰੀ ਹੋਂਦ ਦਾ ਸਵਾਲ ਓਏ।
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਓਏ।

ਜਿਨ੍ਹਾਂ ਨੂੰ ਤੂੰ ਜਾਣਿਆਂ ਅਸੀਲ ਧੌਤੇ ਨ੍ਹਾਤੇ ਨੇ,
ਦਿੱਖ ਦੀ ਨਹੀਂ ਗੱਲ ਇਹ ਤਾਂ ਅੰਦਰੋਂ ਸਰਾਪੇ ਨੇ।
ਖੁਲ੍ਹੀਆਂ ਨਹੀਂ ਅੱਖਾਂ ਜੱਟਾ ਤੇਰੀ ਵੀ ਕਮਾਲ ਓਏ।
ਪਗੜੀ ਸੰਭਾਲ ਜੱਟਾ. . . . . . . . . . . . .

ਜੱਟਾ ਤੇਰੇ ਨਾਲ ਜੱਟਾਂ ਵਾਂਗਰਾਂ ਖਲੋਵਾਂਗੇ।
ਸਾਡੇ ਨਾਲ ਤੁਰ ਤੇਰਾ ਪਾਣੀ ਅਸੀਂ ਢੋਵਾਂਗੇ।
ਭੁਲ ਗਏ ਨੀ ਕੌਲ ਕੀਤੇ ਟੁੱਟ ਗਏ ਕਰਾਰ ਓਏ।
ਪਗੜੀ ਸੰਭਾਲ ਜੱਟਾ . . . . . . . . . . .

ਗਿਣ ਲੈ ਸਕੂਲ ਮੁੰਡੇ ਕੁੜੀਆਂ ਪੜ੍ਹਾ ’ਤੇ।
ਹਰੀਜਨ ਪਹਿਲਾਂ ਹੀ ਸੀ ਖੂਹਾਂ ਤੇ ਚੜ੍ਹਾ ‘ਤੇ
ਕੰਮ-ਰੋਜ਼ਗਾਰ ਕਹਿੰਦੇ ਵੱਖਰਾ ਸਵਾਲ ਓਏ।
ਪਗੜੀ ਸੰਭਾਲ ਜੱਟਾ . . . . . . . . . . . .

ਮਹਿੰਗੀਆਂ ਦਵਾਈਆਂ ਖਾਦਾਂ ਫਸਲਾਂ ‘ਤੇ ਪਾ ਰਿਹੈਂ।
ਚੁੱਕ ਕੇ ਵਿਆਜੀ ਟੋਂਬੂ ਸ਼ਾਹਾਂ ਤੋਂ ਲਿਖਾਂ ਰਿਹੈਂ।
ਮੰਡੀ ’ਚ ਪੁਜਾਇਆ ਮਾਲ ਦੇਂਦੇ ਤੇਰਾ ਗਾਲ ਓਏ
ਪਗੜੀ ਸੰਭਾਲ ਜੱਟਾ . . . . . . . . . . . . .

ਗਿਰਵੀ ਜ਼ਮੀਨ ਉਤੋਂ ਕਿਸ਼ਤਾਂ ਘਨੇਰੀਆਂ।
ਟਰੈਕਟਰ-ਟਰਾਲੀ ਸ਼ਾਹਾਂ ਸੜਕਾਂ 'ਤੇ ਘੇਰੀਆਂ।
ਲੰਘ ਗਏ ਵਜ਼ੀਰ ਬੱਤੀ ਕਾਰ ਉੱਤੇ ਲਾਲ ਏ।
ਪਗੜੀ ਸੰਭਾਲ ਜੱਟਾ . . . . . . . . . . ..

# ਅਦਬੀ ਖਾਨਾਜੰਗੀ ਦੇ ਨਾਂ

ਖੱਬੇ 'ਚ ਢਾਲ ਪਸੁਤਕ ਸੱਜੇ ਕਟਾਰ ਕਾਨੀ,
ਇਹ ਅਦਬ ਦੀ ਲੜਾਈ ਘਮਸਾਨ ਤੀਕ ਪਹੁੰਚੀ।

ਕਲਮਾਂ ਦੇ ਇਹ ਧਨੰਤਰ ਗਾਲ੍ਹਾਂ ਦੇ ਵੀ ਧਨੀ ਨੇ,
ਦਿਲ ਚੋਂ ਦਵੈਤ ਉੱਠ ਕੇ ਜ਼ੁਬਾਨ ਤੀਕ ਪਹੁੰਚੀ।

ਪਗੜੀ ਦੀ ਖੈਰ-ਸੱਲਾ, ਕੁਰਸੀ ਨਾ ਜਾਏ ਅੱਲਾ,
ਸਨਮਾਨ ਦੀ ਲੜਾਈ ਅਪਮਾਨ ਤੀਕ ਪਹੁੰਚੀ

ਗੁਲਦਸਤਿਆਂ ਦੇ ਓਹਲੇ ਗੁਠਬੰਦੀਆਂ ਦੇ ਦਸਤੇ,
ਤਹਿਜ਼ੀਬ ਦੀ ਇਹ ਅਰਥੀ ਸ਼ਮਸਾਨ ਤੀਕ ਪਹੁੰਚੀ।

ਅੱਗ ਦੀ ਇਹ ਖੇਡ ਸਭ ਨੂੰ ਹੁਣ ਦੂਰ ਤੀਕ ਸਾੜੇ,
ਮੇਰੀ ਨਜ਼ਮ ਤੋਂ ਤੇਰੇ ਦੀਵਾਨ ਤੀਕ ਪਹੁੰਚੀ।

# ਕਲਾ ਕੁਦਰਤ

ਜੇ ਕੋਈ ਸਾਡੀ ਕਲਾ'ਚ ਭੋਰਾ ਕੁਦਰਤ ਹੋਈ,
ਤਾਂ ਉਹ ਆਪੇ ਆਪਣਾ ਰੰਗ ਲਿਆਏਗੀ।

ਰੁੱਖ ਇੱਕਲਾ ਵੇਖ ਜੋ ਬਿਜਲੀ ਫੂਕ ਗਈ,
ਨਵੀਂ ਕਰੂੰਬਲ ਨਿਕਲੇਗੀ ਮੁਸਕਾਏਗੀ।

ਨਦੀ ਕਿ ਜਿਸ ਨੂੰ ਆਪਣੀ ਰੇਤਾ ਡੀਕ ਗਈ,
ਚਸ਼ਮਾਂ ਚਸ਼ਮਾਂ ਫੁਟੇਗੀ ਵਲ ਖਾਏਗੀ।

ਜੋਬਨ ਰੁੱਤੇ ਫਿਕਰਾਂ ਸਦਕਾ ਉਲਝ ਗਈ,
ਜ਼ੁਲਫ ਉਹ ਕਾਲੀ ਸੰਵਰੇਗੀ ਲਹਿਰਾਏਗੀ।

ਉਹ ਨਗਰੀ ਜੋ ਦੈਂਤਾਂ ਰਾਤ ਲਿਤਾੜੀ ਸੀ,
ਲੋਅ ਲੱਗੀ ਤੇ ਚਹਿਕੇਗੀ ਮਹਿਕਾਏਗੀ।

ਜਿਸ ਖਾਈ ਵਿਚ ਲਾਸ਼ਾਂ ਸੁਟ ਕੇ ਹੱਸੇ ਸਉ'
ਭਾਜੜ ਵੇਲੇ ਉਹ ਟੱਪੀ ਨਾ ਜਾਏਗੀ।

ਪਾਂਧੇ ਕੋਲੋਂ ਪੁਛ ਪੁਛ ਜੰਮ ਜੰਮ ਤੁਰਦੇ ਰਹੁ,
ਨਾ-ਇਨਸਾਫੀ ਕੁੰਡਲੀ ਰਾਸ ਨਾ ਆਏਗੀ।

ਧਰਮਰਾਜ ਕੋਈ ਹੈ ਵੀ ਹੈ ਕਿ ਹੈ ਹੀ ਨਹੀਂ,
ਲ਼ੋਕ-ਕਚਹਿਰੀ ਅੰਬਰੀਂ ਟੀਮ ਚੜ੍ਹਾਏਗੀ।

ਮੈਂ ਵੀ ਪੀੜ੍ਹੀ ਹੇਠਾਂ ਸੋਟੀ ਫੇਰ ਲਵਾਂ,
ਵਾਰੀ ਵਾਰੀ ਸਭ ਦੀ ਵਾਰੀ ਆਏਗੀ।

ਸੁਣਿਐਂ ਲੇਖਾ ਦਫਤਰ ਏਥੇ ਖੁਲ੍ਹ ਜਾਣਾ,
ਫਿਰ ਨਾ ਆਖੀਂ ਅੱਗੇ ਵੇਖੀ ਜਾਏਗੀ।

# ਤੇਰੀ ਦੀਦ

ਤੇਰੀ ਦੀਦ ਦਾ ਜੇ ਨਜ਼ਾਰਾ ਨਾ ਹੁੰਦਾ।
ਪੈਰਾਂ ਨੂੰ ਪੈਂਡਾ ਗਵਾਰਾ ਨਾ ਹੁੰਦਾ।

ਠਿਲ੍ਹਦੇ ਨਾ ਬੇੜੇ ਇਹ ਚਲਦੇ ਨਾ ਚੱਪੂ,
ਜੇ ਸਾਗਰ ਹੀ ਹੁੰਦੇ ਕਿਨਾਰਾ ਨਾ ਹੁੰਦਾ।

ਕਦੋਂ ਕੋਈ ਸੜਦੇ ਥਲੀਂ ਪੈਰ ਪਾਉਂਦਾ;
ਜੇ ਮੌਤੋਂ ਪਰੇ ਉਹ ਪਿਆਰਾ ਨਾ ਹੁੰਦਾ।

ਕੱਚਿਆਂ ਨੂੰ ਕਿਹੜਾ ਲਗਾਉਂਦਾ ਕਲੇਜੇ,
ਇਸ਼ਕ ਜੇ ਨਾ ਝੱਲਾ ਬਵਾਹਰਾ ਨਾ ਹੁੰਦਾ।

ਟੋਏ ਗ਼ਰੀਬੀ ਦੇ ਹੁੰਦੇ ਨਾ ਡੂੰਘੇ,
ਜੇ ਮਹਿਲਾਂ ‘ਤੇ ਵਾਧੂ ਮੁਨਾਰਾ ਨਾ ਹੁੰਦਾ।

ਤੇ ਡਾਂਗੀਂ ਨਾ ਮਿਣਦੇ ਉਹ ਚੋਰੀ ਦੇ ਕਪੜੇ,
ਜੇ ਚੋਰਾਂ ਨੂੰ ਮਿਲਿਆ ਹੁੰਗਾਰਾ ਨਾ ਹੁੰਦਾ।

# ਚ`ਕੀ

ਇਕ ਚੱਕੀ ਵਿਚ ਦਾਣਾ ਦਾਣਾ ਪਿਸਦੇ ਹਾਂ,
ਇਕ ਦੂਜੇ ਤੋਂ ਪੀੜ ਛੁਪਾਈ ਫਿਰਦੇ ਹਾਂ।

ਦਲ ਮੰਦਰ ਤਾਂ ਨਿੱਤ ਦਿਹਾੜੇ ਟੁਟਿਆ ਹੈ,
ਖੰਡਰਾਂ ਦਾ ਇਕ ਭਰਮ ਸਜਾਈ ਫਿਰਦੇ ਹਾਂ।

ਜਿਸ ਟਾਹਣੀ 'ਤੇ ਬੈਠੇ ਕਟਦੇ ਜਾਂਦੇ ਹਾਂ,
ਦਾਈਏ ਪੁਸ਼ਤਾਂ ਲੰਮੇ ਲਾਈ ਫਿਰਦੇ ਹਾਂ।

ਸ਼ੁਤਰਮੁਰਗ ਦੇ ਵਾਂਗ ਸੱਚਾਈ ਦੇ ਸਾਂਹਵੇਂ,
ਰੇਤੇ ਦੇ ਵਿਚ ਸੀਸ ਦਬਾਈ ਫਿਰਦੇ ਹਾਂ।

ਦਲ ਦਲ ਵਿਚ ਡਿੱਗੇ ਹਾਂ ਧਸਦੇ ਜਾਂਦੇ ਹਾਂ,
ਇਕ ਦੂਜੇ ਸਿਰ ਪੈਰ ਟਿਕਾਈ ਫਿਰਦੇ ਹਾਂ।

ਅਣਦਿਸਦਾ ਇਕ ਡਰ ਜਿਹਾ ਇਕ ਸਹਿਮ ਜਿਹਾ,
ਆਪਣੇ ਅੰਦਰ ਆਪ ਬਿਠਾਈ ਫਿਰਦੇ ਹਾਂ।

ਕੰਧ 'ਤੇ ਮੋਟਾ ਮੋਟਾ ਲਿਖਿਆ ਪੜ੍ਹਦੇ ਨਹੀਂ,
ਨਜ਼ਰਾਂ ਉਂਜ ਅਸਮਾਨ ਚੜ੍ਹਾਈ ਫਿਰਦੇ ਹਾਂ।

ਆਪਣੀ ਪੀੜ੍ਹੀ ਹੇਠਾਂ ਸੋਟੀ ਕੌਣ ਕਰੇ,
ਸ਼ਾਰੇ ਪਿੰਡ ਲਈ ਵੰਝ ਵਲਾਈ ਫਿਰਦੇ ਹਾਂ।

ਤੌਕ ਗਲਾਂ 'ਚੋਂ ਲਾਹੁਣ ਦੀ ਸੋਝੀ ਕੌਣ ਦਵੇ,
ਕੈਂਠੇ ਵਾਂਗੂੰ ਭਾਰ ਉਠਾਈ ਫਿਰਦੇ ਹਾਂ

ਮੌਤ ਤੋਂ ਪਹਿਲਾਂ ਹੀ ਯਾਰੋ ਮਰ ਜਾਣ ਲਈ,
ਇਕ ਦੂਜੇ ਸੰਗ ਜਾਮ  ਵਟਾਈ ਫਿਰਦੇ ਹਾਂ।

ਇਕ ਚੱਕੀ ਵਿਚ ਦਾਣਾ ਦਾਣਾ ਪਿਸਦੇ ਹਾਂ,
ਇਕ  ਦੂਜੇ ਤੋਂ ਪੀੜ ਛੁਪਾਈ ਫਿਰਦੇ ਹਾਂ।

# ਦਿਲ

ਦਿਲ ਤਾਂ ਓਹਓਿ ਕਰਦਾ ਮਨ ਜੋ ਕਹਿੰਦਾ ਹੈ।
ਪਰ  ਜੁਰਮਾਨਾ  ਦਿਲ ਨੂੰ ਭਰਨਾ ਪੈਂਦਾ ਹੈ।

ਦਿਲ ਜਿਥੇ ਖਲ੍ਹਿਆਰੋ ਸ਼ਾਇਦ ਟਿਕ ਜਾਵੇ,
ਚੰਚਲਹਾਰਾ ਮਨ ਨਾ ਟਿਕਿਆਂ ਰਹਿੰਦਾ ਹੈ।

ਮਨ ਮਨਆਈਆਂ ਕਰਕੇ ਅਕਸਰ ਹਰ ਜਾਵੇ,
ਦਿਲ  ਨੂੰ  ਹੀ  ਹਰਜਾਨਾ  ਭਰਨਾ ਪੈਂਦਾ ਹੈ।

ਮਨ ਹੈ  ਜੋਤ  ਸਰੂਪ  ਜੇ ਮੂਲ ਪਛਾਣ ਲਵੇ,
ਪਰ  ਮਨ  ਐਸੇ  ਝੰਜਟ ਵਿਚ ਨਾ ਪੈਂਦਾ ਹੈ।

ਦਿਲ  ਹੈ  ਉਹ ਦਰਿਆ ਸਮੁੰਦਰੋਂ ਡੂੰਘਾ ਜੋ,
ਰੱਬ ਵੀ ਏਸੇ ਹੀ ਦਰਿਆ ਵਿਚ ਰਹਿੰਦਾ ਹੈ।

ਇਸ ਦਰਿਆ ਵਿਚ ਦਿਲ ਵਾਲੇ ਹੀ ਉੱਤਰੇ ਨੇ,
ਦਮ  ਘੁਟਦਾ ਜਦ ਡੁਬਣਾ-ਤਰਨਾ ਪੈਂਦਾ ਹੈ।

# ਡਾਇਨੋਸਾਰ ਦਾ ਕੂਚ

ਕਿਸ ਤਰਾਂ ਦਾ ਏ ਪਤੰਦਰ ਕੀ ਤਮਾਸ਼ਾ ਕਰ ਰਿਹਾ।
ਉਤੇ ਪਿਆ ਵੀ ਰੋ ਰਿਹਾ, ਮਾਰਦਾ ਵੀ ਡਰ ਰਿਹਾ।

ਰੂਹੋਂ ਬਿਨਾਂ ਕਲਬੂਤ ਹੈ ਉਹੋ ਜਿਹੀ ਕਰਤੂਤ ਹੈ।
ਬਹੁਤਾ ਲਿਤਾੜੀ ਜਾ ਰਿਹਾ , ਲੋੜੋਂ ਵਧੇਰੇ ਚਰ ਰਿਹਾ।

ਢਾਹ ਕੇ ਪਰਾਈਆਂ ਖੁਰਲੀਆਂ, ਚੌਂਤਰੇ ਤੇ ਚੜ੍ਹ ਰਿਹਾ।
ਕਿੱਲੇ ਪੁਟਾਈ ਜਾ ਰਿਹੈ, ਮੰਗੂੰ ਆਵਾਰਾ ਕਰ ਰਿਹਾ।

ਪੀਣਾ ਨਿਸਾਰੋਂ ਛੱਡ ਕੇ ਖੂਹ ਪਾੜਛੇ ‘ਤੇ ਚੜ੍ਹ ਰਿਹਾ।
ਪਾਣੀ ਗੰਧਾਲੇ ਦੋਸ਼ ਉਲਟਾ ਕਟਰੂਆਂ ਸਿਰ ਮੜ੍ਹ ਰਿਹਾ।

ਸ਼ੱਕੀ ਕਲੇਸ਼ੀ ਇਸ ਕਦਰ ਪਰਛਾਵਿਆਂ ਨੂੰ ਫੜ ਰਿਹਾ।
ਸੱਪਾਂ ਨੂੰ ਉਧਰ ਪਾਲਦਾ ਰੱਸੀਆਂ ਤੋਂ ਏਧਰ ਡਰ ਰਿਹਾ।

ਚੜ੍ਹਦੀ ਸਦੀ ਤੋਂ ਝਿਜਕਦਾ ਮੁੜ ਸੋਲ੍ਹਵੀਂ ਵਲ ਵੜ ਰਿਹਾ।
ਇਕ ਪੈਰ ਅੱਗੇ ਪੁੱਟਦਾ ਦੋ ਕਦਮ ਪਿੱਛੇ ਧਰ ਰਿਹਾ।

ਬੋਝਲ ਸਰੀਰੋਂ ਹੋ ਰਿਹਾ ਲਾਲਚ ਜੂ ਏਨਾ ਕਰ ਰਿਹਾ।
ਗਿੜ- ਗਿੜਾਉਂਦਾ ਸੁਣੀਂਦਾ ਡਾਈਨੋ ਦੁਬਾਰਾ ਮਰ ਰਿਹਾ

# ਸ਼ਾਹਦੀ ਚਾਨਣੀ ਦੀ

ਦਿਲ ਦੀਆਂ ਤਰਬਾਂ ਨੂੰ ਸਹਿਵਨ ਛੇੜਿਆਂ।
ਭਰ – ਜ਼ਮਾਨੇ ਦੇ ਗ਼ਮਾਂ ਆ ਘੇਰਿਆ।

ਕਿਉਂ ਭਲਾ ਉਸ ਤੋੜ ਕੇ ਸੁੱਟੀ ਰਬਾਬ,
ਫਿਰ ਦੁਬਾਰਾ ਰਾਗ ਮਾੜੂ ਛੇੜਿਆ।

ਰਹਿਣ ਗੇ ਭੜੂਏ ਉਹ ਪਿਆਸੇ ਆਪ ਵੀ,
ਖੂਹ ਪੁੱਠਾ ਰਲ ਜਿਨ੍ਹਾਂ ਨੇ ਗੇੜਿਆ।

ਕਾਫਲ ਵਿਚੇ ਹੀ ਰਲਿਆ ਚੋਰ ਹੈ,
ਲੁੱਟ ਗਏ ਦੀ ਜੋ ਦੁਹਾਈ ਦੇ ਰਿਹਾ।

ਅੱਖ ਜੇ ਮੈਲੀ ਦੀ ਮੈਲੀ ਹੀ ਰਹੀ,
ਕੀ ਸੰਵਾਰੂ ਸਾਫ ਅਥਰੂ ਕੇਰਿਆ।

ਲ਼ੋਕ ਸ਼ਾਹਦੀ ਚਾਨਣੀ ਦੀ ਭਰਨ ਗੇ,
ਕਾਲਖਾਂ ਭਾਵੇਂ ਚੌਗਿਰਦਾ ਘੇਰਿਆ।

# ਵਕਤ ਦੀ ਪਹਿਚਾਣ

ਲੋੜ ਹੈ ਅੱਜ ਸੋਚਦੇ ਇਨਸਾਨ ਦੀ।
ਲੋੜ ਹੈ ਅੱਜ ਵਕਤ ਦੀ ਪਹਿਚਾਣ ਦੀ।

ਹਰ ਹਨੇਰੀ ਰਾਤ ਆਖਰ ਮੁਕਦੀ,
ਡਲ੍ਹਕਦੀ ਲਾਲੀ ਜਦੋਂ ਅਸਮਾਨ ਦੀ।

ਲਭਦੀ ਹੈ ਜ਼ਿੰਦਗੀ ਤਦ ਮੌਤ 'ਚੋਂ
ਲਗਦੀ ਬਾਜ਼ੀ ਜਦੋਂ ਹੈ ਜਾਨ ਦੀ।

ਉਹ ਹਵਾ ਤੋਂ ਨੇ ਉਚੇਰੇ ਉਡਦੇ,
ਸੋਚ ਜੋ ਰਖਦੇ ਹਵਾ ਦੇ ਹਾਣ ਦੀ।

ਤਾਰਾ ਤਾਰਾ ਹੋ ਕੇ ਇਹ ਟੁੱਟ ਜਾਏ ਨਾ,
ਚਿੰਤਕੋ ਚਿੰਤਾ ਕਰੋ ਅਸਮਾਨ ਦੀ।

# ਬੇਵਿਸਾਹੀ ਕਲਮ

ਉਨ੍ਹਾਂ ਦੇ ਨਾਲ ਸਾਂ ਨਾ ਮੈਂ ਇਨ੍ਹਾਂ ਦੇ ਨਾਲ ਹਾਂ,
ਦੋਹਾਂ ਵਿਚਾਲੇ ਠਣ ਗਿਆ ਮੈਂ ਉਹ ਸਵਾਲ ਹਾਂ।

ਰਾਹਾਂ ਤੇ ਰਿਸ਼ਤਿਆਂ ਨੂੰ ਜਿਸ ਪਟੜੀ ਬਣਾ ਲਿਆ;
ਉਸ ਮਾਲ - ਗੱਡੀ ਸੋਚ ਦਾ ਨਾ ਮੈਂ ਸਵਾਰ ਹਾਂ।

ਸ਼ੀਸ਼ੇ 'ਚ ਰਹਿਣ ਵਾਲਿਆਂ ਪੱਥਰ ਸੰਭਲ ਲਏ;
ਇਸ ਬੇ -ਦਰੇਗੀ ਫੌਜ ਵਿਚ ਨਾ ਮੈਂ ਸ਼ੁਮਾਰ ਹਾਂ।

ਨੇਕੀ - ਬਦੀ ਦੀ ਰੇਤ ਵਿਚ ਜੋ ਰੁਲ ਗਈ ਲਕੀਰ,
ਉਸ ਮ੍ਰਿਗ-ਛਲੀ ਲਕੀਰ ਦੇ ਮੈਂ ਆਰ-ਪਾਰ ਹਾਂ।

ਦੇਣੀ ਦੋਹਾਈ ਰੱਬ ਦੀ ਬੰਦਿਆਂ ਦੇ ਨਾਸ ਲਈ,
ਧਰਮ ! ਐਸੇ ਧਰਮੀਆਂ ਤੋਂ ਸ਼ਰਮਸਾਰ ਹਾਂ ।

ਬੇਸ਼ਕ! ਸਵਰਗੀਂ ਪਹੁੰਚ ਕੇ ਜੋ ਜੀਅ ਕਰੇ ਕਰੀਂ,
ਇਸ ਧਰਤ ਤੇ ਇਨਸਾਫ ਦਾ ਮੈਂ ਤਲਬਗਾਰ ਹਾਂ।

ਬੇਵਸਾਹੀ ਕਲਮ ਨਾ ਤਲਵਾਰ ਕਟ ਧਰੇ,
ਕਲਮ ਨੂੰ ਟੁੰਬਦਾ ਜਗਾਉਂਦਾ ਬਾਰ ਬਾਰ ਹਾਂ।

# ਜਾਦੂਗਰੀ

ਇਹ ਨਹੀਂ ਮੇਰੀ ਕਹਿਣ ਦੀ ਜਾਦੂਗਰੀ।
ਇਹ ਤਾਂ ਤੇਰੀ ਸੋਚ ਦੀ ਸੁਹਿਰਦਗੀ।

ਮੈਂ 'ਜਿਹਾ ਕਾਮਲ ਨਹੀਂ ਹਾਂ ਦੋਸਤਾ,
ਅਰਥ ਤੇਰੀ ਰੂਹ ਦੀ ਪਾਕੀਜ਼ਗੀ।

ਤਾਰ 'ਤੇ ਤੁਰਨਾ ਪਿਆ ਤੁਰਦੇ ਰਹੇ,
ਤੋਰ ਥਿੜਕੀ, ਉੱਲਰੀ ਤੇ ਡਗਮਗੀ।

ਮੇਲ ਤੇਰੇ ਦਾ ਹੀ ਸੀ ਇਹ ਤਾਂ ਕਮਾਲ,
ਘੁੱਪ - ਨ੍ਹੇਰੀ ਰਾਤ ਮੇਰੀ ਜਗਮਗੀ।

ਦਿਲਾਂ ਦੀ ਦਿਲ ਵੀ ਕਿਤੇ ਨਾ ਜਾਣਦੇ,
ਤੱਕਦੀ ਖਾਲੀ ਇਹ ਬਿਟ ਬਿਟ ਜ਼ਿੰਦਗੀ।

# ਕਾਹਦੀ ਲੋਅ

ਕਾਹਦੀ ਲੋਅ ਜੋ ਨਾ ਟੱਕਰੀ ਹਨ੍ਹੇਰਿਆਂ ਦੇ ਨਾਲ।
ਰਹੀ ਅਟਕੀ ਜੋ ਸਰਘੀ ਸਵੇਰਿਆਂ ਦੇ ਨਾਲ।

ਕਾਹਦਾ ਨਿੱਘ ਜਿਹੜਾ ਸੂਰਜਾਂ ਦੇ ਪਾਸ ਹੀ ਰਿਹਾ,
ਕਾਹਦਾ ਦੀਪ ਜੋ ਨਾ ਸੱਜਿਆ ਬਨੇਰਿਆਂ ਦੇ ਨਾਲ।

ਸੁਣ ਪਾਣੀਆਂ ਦੇ ਗੀਤ ਤੇ ਰਵਾਨੀਆ ਦਾ ਰਾਜ਼,
ਤੱਕ ਬੰਦਸ਼ਾਂ ਉਹ ਪੱਥਰਾਂ ਕਿਨਾਰਿਆਂ ਦੇ ਨਾਲ।

ਵੱਟੇ ਫੇਰ ਵੀ ਨਾ ਨਦੀਆਂ ਉਹ ਸੰਗਮੀ ਸੁਭਾਅ,
ਮਿੱਠੇ ਪਾਣੀ ਜਾ ਮਿਲਾਉਂਦਿੀਆਂ ਨੀ ਖਾਰਿਆਂ ਦੇ ਨਾਲ।

ਕਾਹਦੀ ਲੋਅ ਜੋ ਨਾ ਟੱਕਰੀ ਹਨ੍ਹੇਰਿਆਂ ਦੇ ਨਾਲ।
ਰਹੀ ਅਟਕੀ ਜੋ ਸਰਘੀ ਸਵੇਰਿਆਂ ਦੇ ਨਾਲ।

# ਨਾਰਾਜ਼ ਕਾਨੀ

ਨਾਰਾਜ਼ ਸੀ ਕਾਨੀ ਜਾਂ ਰੁੱਤ ਬੀਮਾਰ ਸੀ।
ਉਹ ਕੁਝ ਵੀ ਸਾਬਤ ਲਿਖਣ ਤੋਂ ਲਾਚਾਰ ਸੀ।

ਦਿਲ ਕਿਤੇ ਜੇ ਵਾਂਗ ਕੇਲੇ ਝੂਮ ਦਾ,
ਝੂਮ ਦੇ ਨੂੰ ਤੁਰਤ ਪੱਛਦਾ ਖਾਰ ਸੀ।

ਤੁਰ ਪਿਆ ਇਕ ਦਿਨ ਦੁਮਾਲਾ ਬੰਨ੍ਹ ਕੇ,
ਉਹ ਹਰ ਨਿਪੁੰਸਿਕ ਸੋਚ ਤੋਂ ਬੇਜ਼ਾਰ ਸੀ।

ਜੋ ਵੀ ਹੈ ਚਲ ਸਾਂਭ ਲਊਂ ਆ ਸਾਹਮਣੇ,
ਉਹ ਹਰ ਵਬਾ ਨਿਪਟਣ ਲਈ ਤਯਾਰ ਸੀ!

ਨਾਰਾਜ਼ ਸੀ ਕਾਨੀ ਜਾਂ ਰੁੱਤ ਬੀਮਾਰ ਸੀ।
ਉਹ ਕੁਝ ਵੀ ਸਾਬਤ ਲਿਖਣ ਤੋਂ ਲਾਚਾਰ ਸੀ।

# ਹਿੰਮਤੇ ਮਰਦਾਂ

ਮੇਹਨਤਾਂ ਸੰਗ ਕਿਸਮਤਾਂ ਦਾ ਸਾਥ ਹੈ।
ਉਹ ਤਰ ਗਿਆ ਜਿਸ ਕਰ ਲਿਆ ਇਹਸਾਸ ਹੈ।

ਬੈਠ ਕੇ ਕਿਸਮਤ ਨੂੰ ਜਿਹੜੇ ਝੂਰਦੇ,
ਮੰਜ਼ਲਾਂ ਨੂੰ ਇਹ ਨਾ ਰਸਤਾ ਰਾਸ ਹੈ।

ਰੋਂਦਿਆਂ ‘ਤੇ ਰੱਬ ਵੀ ਨਹੀਂ ਰੀਝਦਾ,
ਓਸਦਾ ਵੀ ਇਹ ਰਵੱਈਆ ਖਾਸ ਹੈ।

ਹਿੰਮਤੇ ਮਰਦਾਂ ਅਤੇ ਮਦਦੇ ਖੁਦਾ,
ਸ਼ਾਇਰ ਹਾਂ ਮੇਰਾ ਤਾਂ ਇਹ ਵਿਸ਼ਵਾਸ ਹੈ।

ਮੇਹਨਤਾਂ ਸੰਗ ਕਿਸਮਤਾਂ ਦਾ ਸਾਥ ਹੈ।
ਉਹ ਤਰ ਗਿਆ ਜਿਸ ਕਰ ਲਿਆ ਅਹਿਸਾਸ ਹੈ।

# ਮਸੀਹਾ

ਅਸੀਂ ਹੀ ਹਾਂ ਮਸੀਹਾ ਉਹ ਰਹੇ ਸਾਂ ਟਾਲਦੇ ਜਿਸ ਨੂੰ।
ਕਿਸੇ ਨਹੀਂ ਬਹੁੜਨਾ ਅਰਸ਼ੋਂ ਰਹੇ ਹਾਂ ਭਾਲਦੇ ਕਿਸ ਨੂੰ।

ਜੇ ਹੁੰਦਾ ਇਸ ਤਰਾਂ ਰਹਿਬਰ ਕਦੋਂ ਦਾ ਕਹਿ ਗਿਆ ਹੁੰਦਾ,
ਜਫਰ ਨਾਂ ਵੇਖਦੇ ਇਸ ਜ਼ਿੰਦਗੀ ਦਾ ਜਾਲਦੇ ਉਸਨੂੰ।

ਜ਼ਾਤੀ ਮੁਕਤੀਆਂ ਤਕ ਦੌੜ ਹੀ ਜੇ ਦੌੜ ਸੀ ਸੀਮਤ,
ਕਦੋਂ ਦੀ ਜਿੱਤ ਗਏ ਹੁੰਦੇ ਉਹ ਗੌਤਮ ਨਾਲਦੇ ਉਸਨੂੰ।

ਭਲੇ ਸਰਬੱਤ ਤੋਂ ਤੁਰਨੀ ਸਰਬ ਕਲਿਆਣ ਦੀ ਗਾਥਾ,
ਮੰਜ਼ਲ ਉਹ ਨਹੀਂ ਸਾਡੀ ਇਕੱਲੇ ਭਾਲਦੇ ਜਿਸਨੂੰ।

ਅਸਾਡੀ ਕੰਧ ਵਿਚ ਬੂਹਾ ਤਾਂ ਹੈ ਪਰ ਚੀਕਦਾ ਖੁਲ੍ਹਦਾ,
ਆਵੇਗਾ ਕਿਵੇਂ ਲੱਭਦੇ ਹਾਂ ਦੀਵੇ ਬਾਲਦੇ ਜਿਸਨੂੰ!

ਚੌਹੀਂ ਪਾਸੀਂ ਬਣਾ ਕੇ ਰੱਖ ਬੂਹੇ ਆਉਣ ਦੇ ਆਉਂਦਾ,
ਜੋ ਨਗਮਾ ਪੁਰਖਿਆਂ ਛੋਹਿਆ ਨਵਾਂ ਸੁਰ-ਤਾਲ ਦੇ ਉਸਨੂੰ।

# ਸੂਰਜਾਂ ਵੇਹੜੇ

ਉਮਰ ਭਰ ਜਿਸ ਨੂੰ ਰਿਹਾ ਸਾਂ ਭਾਲਦਾ।
ਸੂਰਜਾਂ ਵੇਹੜੇ ਹੀ ਬੱਤੀਆਂ ਬਾਲਦਾ।
ਨ੍ਹੇਰੀਆਂ ਗਲੀਆਂ ਤੋਂ ਕਤਰਾਉਂਦਾ ਰਿਹਾ,
ਉਹ ਸੀ ਕੋਈ ਜੁਗਨੂੰਆਂ ਦੇ ਨਾਲ ਦਾ !

# ਲੇਖਾ-ਜੋਖਾ

ਬੀਤ ਗਏ ਦਾ ਲੇਖਾ-ਜੋਖਾ ਕਰਦੇ ਲੋਕ।
ਆਵਣ ਵਾਲੇ ਕਲ੍ਹ ਦੀ ਚਿੰਤਾ, ਡਰਦੇ ਲੋਕ।
ਅੱਜ ਜੋ ਬੀਜ ਲਿਆ ਓਹੀ ਕਲ੍ਹ ਵੱਢਣ ਗੇ,
ਕੰਧਾਂ ਉੱਤੇ ਲਿੱਖਿਆ ਪਰ ਨਹੀਂ ਪੜ੍ਹਦੇ ਲੋਕ।

# ਬੁਝਦੀ -ਬਲਦੀ

ਅੱਗ ਦੀ ਇਹ ਖੇਡ ਇੰਜ ਚਲਦੀ ਰਹੀ।
ਹਵਾ ਵੀ ਇਸ ਕਦਰ ਹੀ ਰਲਦੀ ਰਹੀ।
ਬਿਰਖ ਤਾਂ ਕੀ ਬੀਜ ਵੀ ਭੁੱਜ ਜਾਣਗੇ,
ਜੇ ਇਵੇਂ ਬੁਝਦੀ ਰਹੀ ਬਲਦੀ ਰਹੀ।

# ਮੈਂ ਜੁਗਨੂੰ ਹਾਂ

ਹਨ੍ਹੇਰੀ ਰਾਤ 'ਚੋਂ ਰਸਤਾ ਮੈਂ ਆਪਣਾ ਚੀਰ ਲਾਂ ਗਾ।
ਨਹੀਂ ਪਰ ਸ਼ੂਕਦੇ ਦਰਿਆ 'ਚ ਐਵੇਂ ਨਹੀਂ ਵੜਾਂ ਗਾ।
ਤੈਨੂੰ ਨਜ਼ਰ ਨਾ ਆਇਆ ਨਾ ਸਮਝੀਂ ਡਰ ਗਿਆ ਸਾਂ,
ਮੈਂ ਜੁਗਨੂੰ ਹਾਂ ਜਦੋਂ ਤਕ ਖੰਭ ਨੇ ਮੈਂ ਫਿਰ ਜਗਾਂ ਗਾ।

# ਰੱਬ ਵਰਗਾ ਭਰਵਾਸਾ

ਉੱਪਰ ਡਿੱਠਾ ਸ਼ਿਕਰਾ ਬੈਠਾ ਹੇਠਾਂ ਵਿਛਿਆ ਜਾਲ।
ਇਕ ਚਿੜੀ ਨੇ ਬੋਟ ਆਲ੍ਹਣੇ ਘੁਟ ਲਏ ਹਿਕੜੀ ਨਾਲ।
ਮਾਂ! ਬੋਟਾਂ ਲਈ ਖੰਭਾਂ ਹੇਠਾਂ ਰੱਬ ਵਰਗਾ ਭਰਵਾਸਾ,
ਮੈਂ ਹਾਂ ਨਾ! ਨਹੀਂ ਹੋਣ ਦਿਆਂਗੀ ਬੱਚਿਓ ਵਿੰਗਾ ਵਾਲ।

# ਬੰਦੇ ਦੇ ਭਾਗ

ਮਹਿਲਾਂ ਵਿਚ ਮਹਿਫੂਜ਼ ਨਹੀਂ ਹੈ ਵੇਖ ਬੰਦੇ ਦੇ ਭਾਗ।
ਪੈਰ ਪੈਰ ਤੇ ਜਾਲ ਵਿਛਾ ਲਏ ਡਗਰ ਡਗਰ ਤੇ ਨਾਗ।
ਕਿਡੀ ਦੂਰੋਂ ਆਇਆ ਚਲਕੇ, ਪਹੁੰਚਾ ਜਿਸ ਮੁਕਾਮ,
ਇਸ ਮੁਕਾਮੋਂ ਕੀ ਮਾੜਾ ਸੀ ਉਸ ਜੰਗਲ ਦਾ ਰਾਜ !

# ਬਸਤੀ ਰਹਿਣ ਵਾਲੀ ਹੈ

ਇਹ ਝੱਖੜ ਗੁਜ਼ਰ ਜਾਣਾ ਹੈ ਇਹ ਬਸਤੀ ਰਹਿਣ ਵਾਲੀ ਹੈ।
ਇਹ ਬਹੁਤੀ ਦੇਰ ਨਹੀਂ ਵਗਣਾ ਫਿਜ਼ਾ ਇਹ ਕਹਿਣ ਵਾਲੀ ਹੈ।
ਜੋ ਘੱਟਾ ਹੋ ਗਿਆ 'ਕਠਾ ਕਿਤੇ ਪਰ ਦੂਰ ਨਹੀਂ ਜਾਣਾ,
ਇਹ ਮਿੱਟੀ ਆਪਣੇ ਤੇ ਹਰ ਕਿਸੇ ਸਿਰ ਪੈਣ ਵਾਲੀ ਹੈ।

# ਜੇ ਪੁੱਤਰ ਹੱਟਾਂ ਤੇ ਨਹੀਂ ਵਿਕਦੇ

ਜੇ ਪੁੱਤਰ ਹੱਟਾਂ ਤੇ ਨਹੀਂ ਵਿਕਦੇ, ਧੀਆਂ ਨਾ ਮਿਲਣ ਬਾਜ਼ਾਰ ਕੁੜੇ।
ਇਹ ਸੌਦਾ ਸੱਚਾ ਸੌਦਾ ਨੀ , ਇਹ ਨਕਦ ਨਾ ਮਿਲੇ ਉਧਾਰ ਕੁੜੇ।
ਜੇ ਪੁੱਤਰ ਹੱਟਾਂ ਤੇ......

ਇਹ ਹੈ ਦਾਤ ਦੀਨ ਕੇ ਦਾਤਾ ਦੀ, ਉਹ ਪੁੱਤ ਹੋਵੇ ਜਾਂ ਧੀ ਹੋਵੇ।
ਦੋਹਾਂ ਦੀ ਆਉਂਦ ਮੁਬਾਰਿਕ ਨੀ, ਤੂੰ ਕੀ ਜਾਣੇ ਉਹ ਕੀ ਹੋਵੇ।
ਦੋਹਾਂ ਦੀ ਹੋਂਦ ਦੇ ਸਦਕਾ ਨੀ,ਪਿਆ ਚਲਦਾ ਕਾਰ ਵਿਹਾਰ ਕੁੜੇ।
ਜੇ ਪੁੱਤਰ ਹੱਟਾਂ ਤੇ......

ਪੁੱਤਰ ਜੇ ਆਨ ਘਰਾਂ ਦੀ ਨੀ, ਧੀਆਂ ਈਮਾਨ ਗਰਾਂ ਦੀ ਨੀ।
ਧੀ ਰੌਣਕ ਬਾਬੁਲ ਵੇਹੜੇ ਦੀ, ਸੁੱਖ ਮੰਗਦੀ ਹਰਦਮ ਮਾਂ ਦੀ ਨੀ।
ਕਿਉਂ ਹੱਤਿਆ ਫੇਰ ਭਰੂਨਾਂ ਦੀ, ਕੀ ਮਾਂਵਾਂ ਦਾ ਕਿਰਦਾਰ ਕੁੜੇ।
ਜੇ ਪੁੱਤਰ ਹੱਟਾਂ ਤੇ......

ਪੁੱਤਰਾਂ ਸੰਗ ਵੇਲ ਜੇ ਵਧਦੀ ਨੀ, ਧੀਆਂ ਸੰਗ ਫੁਲਦੀ ਫਲਦੀ ਨੀ।
ਇਹ ਗੋਦੀਆਂ ਵੀਰ ਖਿਡਾਉਂਦੀ ਏ, ਖੁਸ਼ਬੂਆਂ ਵਾਂਙੂੰ ਪਲਦੀ ਨੀ।
ਉਹ ਕਦ ਤੱਕ ਬਾਗ ਸਲਾਮਤ ਨੀ, ਜੀਦ੍ਹੀ ਖੁਸ਼ਬੂ ਖਾਣੀ ਵਾੜ ਕੁੜੇ।
ਜੇ ਪੁੱਤਰ ਹੱਟਾਂ ਤੇ......

ਧੀ ਕਦ ਕਮਜ਼ੋਰ ਨਿਮਾਣੀ ਨੀ, ਇਹ ਭਾਗੋ ਨੀ ਇਹ ਭਾਨੀ ਨੀ ।
ਇਹ ਜਣਨੀ ਹੈ ਰਾਜਾਨਾਂ ਦੀ , ਇਹਦੀ ਲੰਮੀ ਅਮਰ ਕਹਾਣੀ ਨੀ।
ਇਹ ਝਾਂਸੀ ਦੀ ਸਰਦਾਰ ਕੁੜੇ, ਇਹ ਉੱਡਣਹਾਰ ਪੁਲਾੜ ਕੁੜੇ।
ਜੇ ਪੁੱਤਰ ਹੱਟਾਂ ਤੇ......

ਕਰ ਹਿੰਮੱਤ ਬਦਲ ਸਮਾਜ ਕੁੜੇ, ਛਡ ਐਸੇ ਰੀਤ ਰਿਵਾਜ ਕੁੜੇ।
ਧੀਆਂ ਨੂੰ ਤੱਕੜੀ ਤੋਲਦਿਆਂ, ਜਿਸ ਬੱਧੇ ਪਾਸਕੁ ਦਾਜ ਕੁੜੇ।
ਇਹ ਮਾਂ ਲਈ ਮਿੱਠਾ ਮਹੁਰਾ ਨੀ,ਪਿਓ ਸਿਰ ਤੇ ਭਾਰ ਪਹਾੜ ਕੁੜੇ।
ਜੇ ਪੁੱਤਰ ਹੱਟਾਂ ਤੇ......

# ਪੈਰ ਖੜਾਵਾਂ

ਕਾਲੇ ਬੱਦਲਾਂ ਆਦਿ - ਜੁਗਾਦੋਂ ਧੋਤੀ ਮੈਲੀ ਧਰਤੀ,
ਪਰ ਉਹ ਦਾਗ਼ ਨਾ ਧੋਤੇ ਜਾਣੇ ਕੱਲ੍ਹ ਜੋ ਅਸਾਂ ਲਗਾਏ।

ਮਹਿਕ ਫੁਲਾਂ ਦੀ ਦੇ ਵਿਚ ਭਾਵੇਂ ਸੌ ਸਤਰੰਗੇ ਜਾਦੂ,
ਪਰ ਉਹ ਕਿਵੇਂ ਸੰਭਾਲਣ ਅਗਨੀ ਪੱਥਰ ਜੋ ਪਿਘਲਾਏ।

ਇੱਲ ਮੌਤ ਦੀ ਬਹਿੰਦੀ ਬਹਿੰਦੀ ਬਹਿ ਗਈ ਆਣ ਬਨੇਰੇ,
ਪਿੰਡ ਨੀਂਦਰ ਵਿਚ ਘੂਕ ਹੈ ਸੁੱਤਾ ਇੱਲ ਨੂੰ ਕੌਣ ਉਡਾਏ।

ਆਸਤਕ ਤੇ ਮੈਂ ਵੀ ਹਾਂ ਪਰ ਰੱਬ ਨਹੀਂ ਉਹ ਮੇਰਾ,
ਕਲਪਤ ਕਿਸੇ ਸਵਰਗ ਦੀ ਚਾਬੀ ਬੈਠੇ ਹੱਥ ਫੜਾਏ।

ਇਹ ਪੈਂਡਾ ਤੇ ਆਪਣੇ ਪੈਰੀਂ ਸਜਣੋਂ ਤੁਰਨਾ ਪੈਣਾ,
ਪੈਰ ਖੜਾਵਾਂ ਪਾ ਕੇ ਕਿਹੜਾ ਬਾਰ - ਬਾਰ ਸਮਝਾਏ।

# ਬੁੱਤ ਦੀ ਸ਼ਲਾਘਾ

(ਭਾਰਤੀ ਪਾਰਲੀਮੈਂਟ ਵਿਚ ਸ਼ਹੀਦ ਭਗਤ ਸਿੰਘ ਦੇ ਬੁਤ ਲਗਾਉਣ ਦੀ ਮਨਜ਼ੂਰੀ ਨੂੰ ਸਮਰਪਿੱਤ)

ਨਹੀਂ ਸੀ ਗ਼ਰਜ਼ ਉਹਨਾਂ ਨੂੰ ਉਹ ਮਰ ਕੇ ਕਿਧਰ ਜਾਵਣਗੇ।
ਮਿੱਟੀ ਹੇਠ ਦੱਬਣਗੇ ਜਾਂ ਨਦੀਏ ਰੋੜ੍ਹੇ ਜਾਵਣਗੇ।

ਉਨ੍ਹਾਂ ਦੇ ਵਾਰਸਾਂ ਨੂੰ ਚਿਖਾ ਲਈ ਕਿਸ ਸ਼ਰਫ ਹੈ ਦੇਣਾ!
ਬਿਨਾਂ ਅਰਦਾਸ ਤੋਂ ਲਾਵਾਰਸਾਂ ਸੰਗ ਜਾ ਸਮਾਵਣਗੇ।

ਉਹ ਬਣਕੇ ਹਰਫ ਏਕਣ ਕਾਗ਼ਜ਼ਾਂ ਤੇ ਬਿਖਰ ਜਾਵਣਗੇ।
ਜਾਂ ਸਾਡੀ ਰੂਹ ਵਿਚ ਕਵਿਤਾ ਦੇ ਵਾਂਗੂੰ ਉਤਰ ਜਾਵਣਗੇ।

ਤੇ ਸੁਤੀ ਆਤਮਾਂ ਸਾਡੀ ਨੂੰ ਟੁੰਬ ਟੁੰਬ ਕੇ ਜਗਾਵਣਗੇ।
ਅੰਤ ਇਤਿਹਾਸ ਵੀ ਉਸ ਹਰਫ ਨੂੰ ਕਿਕਣ ਮਿਟਾਵਣਗੇ।

ਮੈਂ ਸੁਣਿਆਂ ਸ਼ਹਿਰ ਹੁਣ ਵਡੇ ਵੀ ਉਹਦਾ ਬੁਤ ਲਗਾਵਣਗੇ।
ਉਨ੍ਹਾਂ ਖਾਤਿਰ ਸਲੀਬਾਂ ਤੇ ਸੀ ਟੰਗੇ ਲਾਹੇ ਜਾਵਣਗੇ?

ਕਈ ਸੂਰਜ ਚੜ੍ਹੇ ਲੱਥੇ ਤੇ ਰੰਗ ਜੇ ਝਉਂ ਗਿਆ ਥੋੜ੍ਹਾ।
ਉਹ ਮਾਂ ਦੇ ਕਹਿਣ ਤੇ ਚੋਲਾ ਬਸੰਤੀ ਫਿਰ ਰੰਗਾਵਣਗੇ!

# ਛੱਜ

ਝੂਠ ਬਰਾਬਰ ਸੱਚ ਤੇ ਸੱਚ ਸੀ ਰੱਬ ਯਾਰੋ।
ਹੱਥ ਨਾ ਲੱਗੇ ਸੱਚ ਅਜ ਕਿਸੇ ਸਬੱਬ ਯਾਰੋ।
ਪਾਰ ਕਿਨਾਰੇ ਵਿਰਲਾ, ਵਾਂਝਾ ਪਹੁੰਚੇਗਾ,
ਜਿਧਰ ਵੇਖੋ ਗੋਤੇ ਖਾਂਦੇ ਸਭ ਯਾਰੋ।

ਭਵ ਸਾਗਰ ਕੋਈ ਤਰ ਆਵੇ ਤਾਂ ਪੁਛਾਂਗੇ
ਏਥੇ ਵਧ ਭਿਆਨਕ ਭਲਕ ਤੇ ਅੱਜ ਯਾਰੋ।
ਰਹਿਬਰ ਨੇ ਤਾਂ ਸਾਨੂੰ ਤਰਨ ਸਿਖਾਇਆ ਸੀ
ਡੁੱਬਣ ਕਿਨਾਰੇ ਕਿਕਣ ਪਹੁੰਚਾ ਜੱਗ ਯਾਰੋ।

ਝੂਠ ਤੇ ਲੱਖ ਦੁਸ਼ਾਲੇ ਕਲਗੀਆਂ ਲਾਈ ਜਾ,
ਨੰਗਾ ਫਿਰ ਵੀ ਹੋ ਜਾਣਾ ਕਰਤੱਬ ਯਾਰੋ।
ਸੂਰਜ ਸਾਹਵੇਂ ਬੈਠਾ ਬੱਤੀਆਂ ਬਾਲੀ ਜਾ,
ਬੁਧੂ ਕਹਿ ਕੇ ਲੰਘ ਜਾਵਣਗੇ ਸੱਭ ਯਾਰੋ।

ਮੁਰਸ਼ਦ ਨੇ ਤਾਂ ਸਾਨੂੰ ਤਰਕ ਪੜ੍ਹਾਇਆ ਸੀ,
'ਮੈਂ ਨਾ ਮਾਨੂੰ' ਕਿਥੋਂ ਸਿੱਖਿਆ ਚੱਜ ਯਾਰੋ।
ਤਰਕ ਗਿਆਨ ਤੋਂ ਸੱਖਣੇ ਭਾਂਡੇ ਠਹਿਕਣ ਗੇ,
ਠਹਿਕਣ ਵਾਲੇ ਭਾਂਡੇ ਜਾਂਦੇ ਭੱਜ ਯਾਰੋ।

ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਵਿਗੜਿਆ ਨਹੀਂ,
ਬਾਬੇ ਵਾਲਾ ਕਿੱਲੀਉਂ ਲਾਹੀਏ ਛੱਜ ਯਾਰੋ।
ਕਚਰਾ, ਮਿੱਟੀ, ਛੱਟਣ ਤੇ ਹੀ ਛਟਦੇ ਨੇ,
ਚੁੱਪ ਛਾਨਣੀ ਹੁਣ ਤਾਂ ਬੋਲੇ ਛੱਜ ਯਾਰੋ।

# ਗਦਰੀ ਬਾਬਿਆਂ ਨੂੰ ਸਮਰਪਿੱਤ

(ਸੈਕਰਾਮੈਂਟੋ 10 ਜੁਲਾਈ, 2010 ਵਿਚ ਗਦਰ ਮੈਮੋਰੀਅਲ ਪੰਜਾਬੀ ਕਾਨਫਰੰਸ ਅਤੇ 10ਵੇਂ ਸੱਭਿਆਚਾਰਕ ਮੇਲੇ ਦੇ ਅਵਸਰ ਤੇ ਗਦਰੀ ਬਾਬਿਆਂ ਨੂੰ ਸਮਰਪਿੱਤ ਕਵਿਤਾ)

ਗ਼ਦਰੀ ਬਾਬਿਓ ਪਰਤ ਕੇ ਵੇਖਿਓ ਜੇ, ਵਾਰਿਸ ਤੁਸਾਂ ਦੇ ਕੇਹੜੇ ਮੁਕਾਮ ਪਹੁੰਚੇ।
ਓਹੀ ਜੂਹ ਤੇ ਸ਼ਹਿਰ ਗਰਾਂ ਓਹੀ, ਪੈੜਾਂ ਨਾਪਦੇ, ਕਦਮ ਨਿਸ਼ਾਨ ਪਹੁੰਚੇ।
ਗੂੰਜ ਗ਼ਦਰ ਦੀ ਗੂੰਜਦੀ ਰਹੀ ਜਿੱਥੋਂ, ਉਨ੍ਹਾਂ ਰਾਹਾਂ ਨੂੰ ਕਰਨ ਸਲਾਮ ਪਹੁੰਚੇ ।
ਵਣਜੇ ਤੁਸਾਂ ਦੇ ਓਸ ਵਿਉਪਾਰ ਵਿਚੋਂ,ਵੇਖਣ ਆਪਣਾ ਨਫ਼ਾ ਨੁਕਸਾਨ ਪਹੁੰਚੇ ।

ਆਖਣ ਤੁਸਾਂ ਆਜ਼ਾਦੀ ਦੇ ਘੋਲ ਅੰਦਰ, ਕਾਮੇ ਭਾਰਤੀ ‘ਕੱਠਿਆਂ ਕਰੇ ਕੀਕੂੰ।
ਸੋਹਣ ਸਿੰਘ ਤੇ ਲਾਲਾ ਹਰਦਿਆਲ ਵਰਗੇ,ਹੀਰੇ ਚਾਕ-ਦਾਮਨ ਅੰਦਰ ਜੜੇ ਕੀਕੂੰ।
ਆਇਆ ਪੜ੍ਹਨ ਸਰਾਭਾ ਤੇ ਬਰਕਲੇ ਸੀ, ਸਬਕ ਗ਼ਦਰ ਵਾਲੇ ਉਨ੍ਹੇ ਪੜ੍ਹੇ ਕੀਕੂੰ ।
ਬਰਕਤਉੱਲਾ ਦੀ ਕਬਰ ਤੇ ਬੈਠ ਰੋਏ, ਏਥੇ ਸੁੱਤਿਆ, ਬੀਤ ਗਏ ਵਰ੍ਹੇ ਕੀਕੂੰ ।

ਚੜ੍ਹੇ ਦੇਸ ਆਜ਼ਾਦੀ ਲਈ ਜੰਂਵ ਲੈ ਕੇ, ਸੇਹਰੇ ਸਿਰਾਂ ‘ਤੇ ਕਿਸਤਰਾਂ ਧਰੇ ‘ਕੱਠੇ।
ਜ਼ਾਤ -ਪਾਤ ਤੇ ਧਰਮ ਨੂੰ ਰੱਖ ਪਾਸੇ, ਕੀਕਣ ਬਾਬਿਓ ਲੜੇ ਤੇ ਮਰੇ ‘ਕੱਠੇ।
ਢੱਠੇ ਪਿਆਂ ਦੀ ਕਿਸਤਰਾਂ ਬਣੀ ਹਿੰਮਤ, ਰੱਸੇ ਫ਼ਾਂਸੀਆਂ ਤੇ ਚੜ੍ਹਕੇ ਫੜੇ ‘ਕੱਠੇ।
ਚਸ਼ਮਦੀਦ ਇਤਿਹਾਸ ਗਵਾਹ ਸਾਹਵੇਂ, ਕਬਰੀਂ ਪਏ ਕੱਠੇ ਸਿਵਿਆਂ ਸੜੇ ‘ਕੱਠੇ।

ਅਸੀਂ ਹੋ ਕੇ ਵੀ ਨਹੀਂ ਆਜ਼ਾਦ ਹੋਏ, ਲੋਕ ਪੁੱਛਦੇ ਫਿਰਨ ਸਵਾਲ ਓਹੀ।
ਉੱਚਾ ਹੋਰ ਉੱਚਾ,ਨੀਵਾਂ ਹੋਰ ਨੀਵਾਂ, ਚਾਹੀ ਤੁਸਾਂ ਕੁਝ ਹੋਰ, ਤੇ ਹੋਰ ਹੋਈ।
ਬਦਲੇ ਘੋੜਸਵਾਰ ਹੀ ਘੋੜਿਆਂ ਦੇ, ਚਾਬਿਕ ਰਹੀ, ਲਗ਼ਾਮ ਤੇ ਡੋਰ ਓਹੀ।
ਦਈਏ ਦੋਸ਼ ਹੁਣ ਧਾੜਵੀ ਕਿਹੜਿਆਂ ਨੂੰ,ਡੋਲੀ ਜਦੋਂ ਕਹਾਰਾਂ ਨੇ ਆਪ ਖੋਹੀ।

ਬਾਬੇ ਆਖਦੇ ਹੰਭਲਾ ਮਾਰ ਉੱਠੋ, ਸੁਪਨਾ ਸੁੱਤਿਆਂ ਨਈ੍ਹੀਂ ਸਾਕਾਰ ਹੋਵੇ।
ਤੁਰ ਪਏ ਦੇਸਵਾਸੀ ਜਦੋਂ ਹੋ ‘ਕੱਠੇ, ਨਾ ਇਹ ਕਾਰਵਾਂ ਫੇਰ ਖਲ੍ਹਿਆਰ ਹੋਵੇ।
ਹੂਕ ਦਿਲਾਂ ਦੀ ਗ਼ਦਰ ਤਦ ਗੂੰਜ ਬਣਦੀ, ਆਮ ਆਦਮੀ ਜਦੋਂ ਦੁਸ਼ਵਾਰ ਹੋਵੇ।
ਏਸ ਗੂੰਜ ਅੱਗੇ ਭੋਰਾ ਠਹਿਰਨੀ ਨਈ੍ਹੀਂ, ਨੀਲੀ,ਪੀਲੀ ਜਾਂ ਲਾਲ ਸਰਕਾਰ ਹੋਵੇ।

# ਨਵਾਂ- ਜੁਗ

(2011 ਮਧ-ਪੂਰਬ ਮਿਸਰ ਅਦਿ ਵਿਚਲੀ ਆਰੰਭਕ ਸੰਸਾਰਿਕ ਜਾਗਰੂਕਤਾ ਦੇ ਨਾਂ)

ਉਸ ਜੁੱਗ ਦਾ ਅੰਤ ਹੋਇਆ, ਇਸ ਦਾ ਆਦਿ ਹੋਇਆ।
ਹੈਰਾਨ ਇਸ ਲਈ ਹਾਂ, ਬੜੀ ਦੇਰ ਬਾਅਦ ਹੋਇਆ।

ਉਹ ਦੱਬ ਗਿਆ ਹੈ ਆਪੇ, ਆਪਣੇ ਹੀ ਭਾਰ ਹੇਠਾਂ
ਜੁੱਗ-ਬਦਲ ਦਾ ਤਲਿੱਸਮ, ਤਾਂ ਬਿਨ-ਆਵਾਜ਼ ਹੋਇਆ।

ਇਸ ਰੁੱਤ ਵਿਚ ਬੜਾ ਕੁਝ, ਝੜਨਾ ਤੇ ਫਿਰ ਪੁੰਗਰਨਾਂ,
ਸੱਭ ਸੰਵਰਨਾ ਉਹ ਤਾਣਾ, ਬਾਣਾ ਖਰਾਬ ਹੋਇਆ।

ਇਸ ਦੌਰ ਵਿਚ ਨਾ ਰਹਿਣੇ, ਰੰਗ ਨਸਲ ਦੇ ਬਖੇੜੇ,
ਹਰ ਧਰਮ ਵਿਚ ਮਿਲੇ ਗਾ, ਬੰਦਾ ਆਜ਼ਾਦ ਹੋਇਆ।

ਹੁਣ ਧਰਤ - ਮਾਂ ਦੇ ਸਾਰੇ, ਰੋਸੇ ਤੇ ਤਾਂਨ੍ਹੇ - ਮੇਹਣੇ,
ਗਿਣ ਗਿਣ ਕੇ ਲਾਹ ਦਿਆਂਗੇ, ਜੋ ਵੀ ਹਿਸਾਬ ਹੋਇਆ।

# ਪੈਸਾ ਪੀਰ ਨਹੀਂ ਹੈ

ਪੈਸਾ ਪੀਰ ਨਹੀਂ ਹੈ ਤੁਰ ਗਏ ਪੀਰਾਂ ਨੇ ਫੁਰਮਾਇਆ।
ਜੋ ਫੁਰਮਾਇਆ ਉਸ ਤੇ ਉਨ੍ਹਾਂ ਤੁਰ ਕੇ ਆਪ ਵਿਖਾਇਆ।
ਲਾਲੋ ਦੇ ਘਰ ਵੇਖੋ ਖਾਂ ਅੱਜ ਕਿਹੜਾ ਪੀਰ ਖਲੋਂਦਾ,
ਕਥਨ ਅਖੌਤੀ-ਪੀਰਾਂ, ਉਨ੍ਹਾਂ ਪੀਰਾਂ ਦਾ ਝੁਠਲਾਇਆ।

ਇਹ ਤਾਂ ਪੀਰ ਫਕੀਰੀ ਦਾਵ੍ਹਾ ਰਸਮੀਂ ਵੀ ਨਹੀਂ ਕਰਦੇ।
ਢੌਂਗ ਬਣਾ ਕੇ ਬੈਠ ਗਏ ਨੀ, ਉੱਚੇ ਵਲ੍ਹ ਚੌਗਿਰਦੇ।
ਲਾਲੋ ਦੇ ਪਿੰਡ ਕਰਮ-ਕਾਂਡ, ਅਗਿਆਨ ਹਨੇਰਾ ਛਾਇਆ,
ਕਥਨ ਅਖੌਤੀ-ਪੀਰਾਂ, ਉਨ੍ਹਾਂ ਪੀਰਾਂ ਦਾ ਝੁਠਲਾਇਆ।

ਚੇਲਿਆਂ ਦੇ ਵੀ ਵਾਰੇ ਜਾਈਏ ਫਰਕ ਮੂਲ ਨਾ ਕਰਦੇ।
ਰੱਬ ਸਮਝ ਕੇ ਹਰ ਮੰਜੀ ਦੇ ਜਾ ਪਾਵੇ ਘੁਟ ਫੜਦੇ।
ਮੰਜੀਆਂ ਵਾਲੇ ਸਭ ਬਣ ਬੈਠੇ ਰੱਬ ਦਾ ਹੀ ਹਮਸਾਇਆ।
ਕਥਨ ਅਖੌਤੀ-ਪੀਰਾਂ, ਉਨ੍ਹਾਂ ਪੀਰਾਂ ਦਾ ਝੁਠਲਾਇਆ।

ਚਾਰਾ-ਸਾਜ਼ ਬਣਾਏ ਜੇਹੜੇ ਕਰ'ਤੇ ਫਿਰ ਬੇ-ਚਾਰੇ।
ਪੈਸਾ ਪੀਰ ਜੂ ਮੌਟੋ ਲਿਖ'ਤਾ ਸਰਕਾਰੇ ਦਰਬਾਰੇ।
ਮੱਖਣ ਸ਼ਾਹ ਨੂੰ ਫੇਰ ਪੈ ਗਿਆ ਕਰਨਾ ਪੰਧ ਸਵਾਇਆ।
ਕਥਨ ਅਖੌਤੀ-ਪੀਰਾਂ, ਉਨ੍ਹਾਂ ਪੀਰਾਂ ਦਾ ਝੁਠਲਾਇਆ।

ਪੈਰ ਖੜਾਵਾਂ ਪਾ ਕੇ ਕਿਹੜਾ ਉਹਨੀਂ ਰਾਹੀਂ ਆਵੇ।
ਦਸ ਵਾਰੀ ਸਮਝਾਈ ਜੇਹੜੀ ਹੁਣ ਕੇਹੜੀ ਸਮਝਾਵੇ।
ਅਜੇ ਨਾ ਲੱਥਾ ਸਿਰੋਂ ਸਾਡਿਉਂ ਪਹਿਲਾ ਕਰਜ਼ ਚੜ੍ਹਾਇਆ,
ਕਥਨ ਅਖੌਤੀ-ਪੀਰਾਂ, ਉਨ੍ਹਾਂ ਪੀਰਾਂ ਦਾ ਝੁਠਲਾਇਆ।

# ਤਾਂ ਮੰਨਾਂ

ਧਰਮ ਅਤੇ ਈਮਾਨ ਇਹ ਜੀਵਨ ਹੈ ਜਾਂ ਨਹੀਂ,
ਜੀਵਨ ਨੂੰ ਈਮਾਨ ਬਣਾਵੇਂ ਤਾਂ ਮੰਨਾਂ।

ਕੰਧਾਂ ਦੇ ਵਲ੍ਹਗਣ ਜੂ ਵਲ੍ਹ ਕੇ ਬੈਠ ਗਿਐਂ,
ਵਲਗਣ ਤੋਂ ਗੱਲ ਬਾਹਿਰ ਲਿਆਵੇਂ ਤਾਂ ਮੰਨਾਂ।

ਕੰਨਾਂ ਵਿਚ ਕਿਉਂ ਗੁੱਝੇ ਮੰਤਰ ਦੇਂਨਾ ਏਂ,
ਸਾਫ ਤੇ ਸਿੱਧੀ ਗੱਲ ਸਮਝਾਵੇਂ ਤਾਂ ਮੰਨਾਂ।

ਇਹ ਪੁੜੀਆਂ ਵਿਚ ਵੇਚਣ ਵਾਲੀ ਚੀਜ਼ ਨਹੀਂ,
ਪੁੜੀਆਂ ਉਤਲੇ ਲੇਬਲ ਲਾਹਵੇਂ ਤਾਂ ਮੰਨਾਂ।

ਹਰ ਮੰਜੀ ਦੇ ਪਾਵੇ ਘੁਟਦਾ ਫਿਰਦਾ ਏਂ,
'ਲਾਧੋ ਰੇ' ਫਿਰ ਕੂਕ ਸੁਣਾਵੇਂ ਤਾਂ ਮੰਨਾਂ।

ਵੇਦਾਂਤੀ ਦੀ ਧੌਂਸ ਜੂ ਹਰ ਦਮ ਦੇਨਾ ਏਂ,
ਕੰਧ ਤੇ ਲਿੱਖਿਆ ਹੀ ਪੜ੍ਹ ਪਾਵੇਂ ਤਾਂ ਮੰਨਾਂ।

ਉਹ ਜੋ ਪੈਰ ਖੜਾਂਵਾਂ ਪਾ ਕੇ ਤੁਰਿਆ ਸੀ,
ਤੁਰ ਕੇ ਉਸੇ ਰਾਹ ਵਖਾਵੇਂ ਤਾਂ ਮੰਨਾਂ।

'ਚੀਚੀ੍ ਖੂਨ' ਲਗਾ ਕੇ ਬਣੀਂ ਸ਼ਹੀਦ ਫਿਰੇਂ,
ਆਪ, ਤੇ ਸਾਰਾ ਬੰਸ, ਲੁਟਾਵੇਂ ਤਾਂ ਮੰਨਾਂ।

# ਸ਼ੁਣ ਅੰਬਰ ਸ਼ਹਿਜ਼ਾਦੀਏ

ਮਨੁੱਖ ਦੀ ਇਸ ਅਣਮਨੁੱਖਤਾ ਦਾ ਸ਼ਿਕਾਰ ਹੋਈ ਧਰਤੀ , ਅੰਬਰ ਦੀ ਸ਼ਹਿਜ਼ਾਦੀ ਕੋਲ, ਹੁਣ ਧਰਤ ਭਗੌੜਾ ਆਦਮੀ ਜਿਸਦਾ ਦਰ ਮਲੱਣ ਲਈ ਉਤਾਵਲਾ ਹੋਇਆ ਪਿਆ ਹੈ, ਫਰਿਆਦ ਕਰਦੀ ਹੈ:

ਸੁਣ ਅੰਬਰ ਸ਼ਹਿਜ਼ਾਦੀਏ,
ਮੈਂ ਮੰਗਾਂ ਤੇਰੀ ਖੈਰ।
ਮੈਂ ਧਰਤੀ ਤੇਰੀ ਭੈਣ ਹਾਂ,
ਨਾਂ ਸਮਝੀਂ ਮੈਨੂੰ ਗ਼ੈਰ।

ਇਹ ਜੁਗਾਂ-ਪੁਰਾਣੀਂ ਗੱਲ ਨੀਂ,
ਅਸੀਂ ਨੱਚੀਆਂ ਸਾਂ ਭਰ-ਜ਼ੋਰ।
ਮੇਰੇ ਕਿੱਕਲੀ ਵਿਚ ਹੱਥ ਛੁੱਟ ਗਏ,
ਮੈਂ ਡਿਗ ਪਈ ਕਿਧਰੇ ਹੋਰ।

ਫੇਰ ਸਮੇਂ ਦੀ ਧੂੜ ਨੇਂ,
ਮੇਰਾ ਠੰਢਾ ਕਰ 'ਤਾ ਤਾਅ।
ਮੈਂ ਆਦਮ ਯਾਰ ਬਣਾ ਲਿਆ,
ਗਈ ਤੈਨੂੰ ਭੁੱਲ-ਭੁੱਲਾਅ।

ਮੈਂ ਸਭ ਕੁਝ ਇਸ ਨੂੰ ਸੌਂਪਿਆ,
ਇਹਦੇ ਕੁੰਜੀਆਂ ਹੱਥ ਫੜਾਅ।
ਮੈਂ ਅਪੋਂ ਮਿੱਟੀ ਹੋ ਗਈ,
ਮੇਰਾ ਅਜੇ ਨਾ ਲੱਥਾ ਚਾਅ।

ਪਰ ਅੱਜ ਤਕ ਆਈ ਸਮਝ ਨਾ,
ਇਹ ਕੈਸੀ ਆਦਮ - ਜ਼ਾਤ।

ਮੈਨੂੰ ਵੱਢ ਬਣਾਈਆਂ ਢੇਰੀਆਂ,
ਮੈਂ ਰੋਂਦੀ ਰਹੀ ਦਿਨ-ਰਾਤ।

ਮੇਰਾ ਚੂੰਢ ਕਲੇਜਾ ਖਾ ਗਏ,
ਇਹਦੇ ਧਰਮ ਨਸਲ ਤੇ ਜ਼ਾਤ।
ਕਿੰਜ ਬਝੀਆਂ ਮੁਸ਼ਕਾਂ ਮੇਰੀਆਂ,
ਆ ਪਾਵੀਂ ਨੀ ਇਕ ਝਾਤ।

ਮੈਂ ਗਿਣ ਨਾ ਸਕਦੀ ਦੁੱਖ ਨੀ,
ਜੋ ਦਿਤੇ ਮੈਨੂੰ ਏਸ।
ਮੈਂ ਸਾੜੀ ਇਸ ਦੇ ਕਾਰਿਆਂ,
ਮੇਰੇ ਭਖਣ ਕਲੇਜੇ ਸੇਕ।

ਮੇਰੇ ਸਾਗਰ ਜ਼ਹਿਰਾਂ ਦੱਬੀਆਂ,
ਮੇਰੇ ਜ਼ਖਮੀਂ ਕੁੱਲ ਦਰਿਆ।
ਮੇਰੇ ਲੂੰ ਲੂੰ ਭਰਿਆ ਜ਼ਹਿਰ ਨੀ,
ਹੋ ਰੋਗੀ ਗਈ ਹਵਾ।

ਇਹ ਪਰਬਤ ਸਾਗ਼ਰ ਛਾਣਦਾ,
ਕਿਹੜਾ ਲਿਆ ਸੂ ਲਾਲ ਗੰਵਾ।
ਜੋ ਵਸਤ ਗੰਵਾਈ ਧਰਤ ਤੇ,
ਫਿਰੇ ਲਭਦਾ ਵਿਚ ਖਿਲਾਅ।

ਮੈਨੂੰ ਕੈਂਸਰ ਰੋਗ ਲਗਾ ਕੇ,
ਹੁਣ ਉਡ ਪਿਆ ਤੇਰੀ ਵੱਲ।
ਮੈਨੂੰ ਹਸਦ ਨਹੀਂ ਤੇਰੇ ਨਾਲ ਨੀਂ,
ਮੈਂ ਤਾਂ ਅੱਜ ਮਰੀ ਜਾਂ ਕੱਲ੍ਹ।

ਮੈਨੂੰ ਫਿਕਰ ਕਿ ਤੂੰ ਅਣਭੋਲ ਹੈਂ,
ਤੇਰੇ ਆਇਆ ਆਦਮ ਚੋਰ।

ਤੂੰ ਨਾਜ਼ੁਕ ਸੁੱਚੀ ਕਲੀ ਏਂ,
ਇਹ ਬੂਟਾਂ ਵਾਲਾ ਭੌਰ।

ਇਹ ਕਲੀਆਂ ਸੁੰਘਦਾ ਮਸਲਕੇ,
ਡਾਲੀ ਸਣੇ ਮਰੋੜ।
ਇਹ ਖੋਜਾਂ ਕਰਦਾ ਮੌਤ ਤੇ,
ਇਹਨੂੰ ਨਹੀਂ ਜ਼ਿੰਦਗੀ ਦੀ ਲੋੜ।

ਪਹਿਲਾਂ ਅੱਖ ਮਿਲਾਉਣ ਤੋਂ,
ਇਹਨੂੰ ਪੁਛੀਂ ਨੀ ਉਹ ਗੱਲ।
ਜਦ ਚਹੁੰ-ਪੱਬਾਂ ਤੇ ਖੜ੍ਹਾ ਸੀ,
ਮੇਰੇ ਬਾਰ-ਬਰੂਹਾਂ ਮੱਲ।

ਅਜ ਉਹੀਓ ਕਾਇਆਂ ਪਲਟ ਕੇ,
ਆਇਆ ਦਰ ਤੇਰੇ ’ਤੇ ਚੱਲ।
ਨੀ ਇਹ ਧਰਤ ਭਗੌੜਾ ਆਦਮੀ,
ਕਿਤੇ ਜਾਏ ਨਾ ਤੈਨੂੰ ਛੱਲ!

# ਰੂਹ ਮੇਰੇ ਪੰਜਾਬ ਦੀ

ਪੰਜਾਬ ਦੀ ਰਾਜਧਾਨੀ ਚੰਦੀਗੜ੍ਹ ਦਾ ਜਨਮ 1952 ਵਿਚ ਕਿਸੇ ਅਲੋਕਾਰ ਕੁੜੀ ਦੇ ਜਨਮ ਵਾਂਗ ਹੋਇਆ ਸੀ। ਰਾਜਧਾਨੀ ਦੇ ਪਹਿਲੇ ਚੀਫ ਕਮਿਸ਼ਨਰ ਡਾ: ਮੁਹਿੰਦਰ ਸਿੰਘ ਰੰਧਾਵਾ ਦੇ ਕਾਰਜਕਾਲ ਸਮੇਂ ਚੰਦੀਗੜ੍ਹ 1968 ਵਿਚ, ਉਨ੍ਹਾਂ ਦੀ ਪ੍ਰਧਾਨਗੀ ਹੇਠ ਪਹਿਲਾ'ਰੋਜ਼ ਫੈਸਟੀਵਲ' ਮਨਾਇਆ ਗਿਆ ਸੀ, ਜੋ ਅੱਜ ਕੌਮਾਂਤਰੀ ਪੱਧਰ ਤੇ ਮਨਾਇਆ ਜਾਂਦਾ ਹੈ। ਉਸ ਅਲੋਕਾਰ ਕੁੜੀ ਦੀ 16ਵੀਂ ਸਾਲ ਗ੍ਰਿਹ ਤੇ 7 ਅਪ੍ਰੈਲ 1968 ਵਿਚ ਮਨਾਏ ਗਏ ਇਸ ਪਲੇਠੀ ਦੇ 'ਰੋਜ਼ ਫੈਸਟੀਵਲ' ਵਿਚ ਪਸ਼ੌਰਾ ਸਿੰਘ ਢਿਲੋਂ ਵਲੋਂ ਪੜ੍ਹੀ ਗਈ ਸਨਮਾਨਿਤ ਕਵਿਤਾ:

ਜਦ ਰੂਹ ਮੇਰੇ ਪੰਜਾਬ ਦੀ,
ਛੁੱਪ ਬੈਠੀ ਏਸ ਮੈਦਾਨ।
ਉਹਨੂੰ ਲੱਭਣ ਖੋਜੀ ਚੜ੍ਹ ਪਏ,
ਮੇਰੇ ਬੰਦੇ ਸੁਘੜ ਸੁਜਾਨ ।

ਆ ਪੈੜਾਂ ਲਭੀਆਂ ਮਾਹਿਰਾਂ,
ਲਾ ਲਾ ਲੱਖ ਅਨੁਮਾਣ।
ਇਹਦਾ ਰੂਪ ਤਸੱਵਰ ਤੱਕ ਕੇ,
ਸਭ ਚੱਕਰ ਲਗੇ ਖਾਣ।

ਇਹ ਝਲਕ ਅਨੋਖੇ ਹੁਸਨ ਦੀ,
ਸਾਡੀ ਕਰ ਗਈ ਨੀਂਦ ਹੈਰਾਨ।

ਅਸਾਂ ਸਦਿਆ 'ਲੀ ਕਰਬੂਜ਼ੀਅਰ'
ਉਸ ਲੀਤੀ ਮਰਜ਼ ਪਛਾਣ।

ਉਹ ਮਾਲਿਕ ਸੁੱਚੀ ਕਲਾ ਦਾ,

ਉਹਦੇ ਚਰਚੇ ਵਿਚ ਜਹਾਨ।

ਉਸ ਫੜਿਆ ਤੇਸਾ ਅਕਲ ਦਾ,
ਇਹਦੇ ਲੱਗਾ ਨਕਸ਼ ਬਨਾਣ।
ਉਹਦੇ ਨਾਲ ਮੇਰੇ ਇੰਜੀਨੀਅਰ,
ਇਹਨੂੰ ਜੁਟ ਗਏ ਘੜਨ ਘੜਾਣ।

ਹੁਣ ਹੋ ਗਈ ਮੁਟਿਆਰ ਇਹ,
ਤੇ ਅਜ ਚੜ੍ਹੀ ਪਰਵਾਨ।
ਇਹਨੂੰ ਚੁੱਨੀ ਦਏ 'ਹਿਮਾਲੀਆ',
ਹੱਥ ਸਿਰ ਤੇ ਰੱਖੇ ਆਣ।

ਏਹਦੇ ਨੈਣ ਕਟੋਰੇ 'ਝੀਲ' ਦੇ,
ਅਜ ਉਡਦੇ ਪੰਛੀ ਫਾਹਣ।
ਇਹਦੀ ਜ਼ੁਲਫ ਦੀ ਛਾਵੇਂ ਖੇਡ ਦੇ,
ਮੇਰੇ 'ਸੈਕਟਰੀਏਟ,' 'ਵਿਧਾਨ'।

ਇਹਦਾ ਇਸ਼ਕ ਰੰਧਾਵਾ ਸਾਹਿਬ ਨੂੰ,
ਇਹਦੇ ਖਿੱਚ ਲਿਆਇਆ ਪਾਸ।
ਉਸ ਜਿਉਂ ਜਿਉਂ ਚੁੰਮਿਆਂ ਏਸ ਨੂੰ,
ਏਹਦੀ ਤਿਉਂ ਤਿਉਂ ਨਿੱਖਰੀ ਆਸ।

ਏਹਦੀ ਮਾਂਗ ਭਰੀ 'ਗੁਲਮੋਹਰ' ਨੇ,
ਏਹਦੇ ਕੰਨੀ 'ਅਮੁਲ-ਤਾਸ'।
ਮੱਥੇ ਬਿੰਦੀ ਲਾਏ 'ਰਸੀਲੀਆ',
ਇਹਨੂੰ ਸ਼ੀਸ਼ਾ ਦਏ 'ਆਕਾਸ਼'।

ਇਹਦੇ ਬੁਲ੍ਹੀਂ ਲਗ 'ਰੁਕਮੰਜਨੀ',
ਇਕ ਰੰਗ ਭਰੇਂਦੀ ਖਾਸ।
ਏਹਦੀ ਵੀਣੀ ਚੂੜਾ 'ਕੈਸੀਆ',
ਤਕ 'ਮਜਨੂੰ' ਭਏ ਉਦਾਸ।

ਇਹਦੀ ਝਾਂਜਰ ਫਲੀ 'ਸ਼ਰੀਂਹ' ਦੀ,
ਜੀਹਦੀ ਛਣ ਛਣ ਵਿਚ ਆਕਾਸ਼।
ਏਹਨੂੰ 'ਪਿਲਖਣ' ਛਾਂਵਾਂ ਕੀਤੀਆਂ,
ਏਹਨੂੰ 'ਸਿੰਬਲ' ਆਏ ਰਾਸ।

ਇਹਨੂੰ 'ਪਿਪਲ ਪੱਤੀਆਂ' ਸੋਂਹਦੀਆਂ,
ਇਹਨੂੰ 'ਬੋਹੜ' ਦੇਣ ਧਰਵਾਸ।
'ਰਾਇਲ ਪਾਮ'ਜਹੀਆਂ ਗੋਲੀਆਂ,
ਇਹਦੇ ਪਹਿਰੇਦਾਰ 'ਅਸ਼ੋਕ'
ਏਹਦੇ 'ਮਾਜੂ' ਵਰਗੇ ਸੰਤਰੀ,
ਜੇਹੜੇ ਮੌਤ ਖਲੋਂਦੇ ਰੋਕ।

ਇਹ 'ਰੋਜ਼ ਗਾਰਡਨ' ਏਸਦਾ,
ਕੋਈ ਜੰਨਤ ਦਾ ਹਿੱਸਾ।
ਏਹਦੀ ਡਾਲੀ ਡਾਲੀ ਦਸਦੀ,
ਕਿਸੇ ਸੋਹਣੀ ਦਾ ਕਿੱਸਾ।

*ਸੁੰਦਰੀ* ਇਕ ਯੂਨਾਨ ਦੀ,
ਕੋਈ ਆਸ਼ਕ ਤੋਂ ਕਤਰਾਅ,
ਛੁਪ ਬੈਠੀ ਮੰਦਰ ਜਾ ਕੇ,
ਇਕ ਫੁਲ ਦਾ ਰੂਪ ਵਟਾਅ।

ਤਦ ਦੇਵੀ ਸੁੱਚੇ ਪਿਆਰ ਦੀ,
ਉਹਦਾ ਰੱਖਿਆ ਨਾਮ ਗੁਲਾਬ।
ਉਹਦੇ ਆਸ਼ਕ ਤਦ ਤੋਂ ਭਟਕਦੇ,
ਤੇ ਫਿਰਦੇ ਨੀ ਬੇ – ਤਾਬ।

ਨਾ ਰੰਗ ਨਵੇਂ ਨਿੱਤ ਬਦਲ ਨੀ,
ਤੇ ਨਾ ਸਾਥੋਂ ਸ਼ਰਮਾਅ।

ਤੈਨੂੰ ਫਿਰੇ ਪਸ਼ੌਰਾ ਢੂੰਡਦਾ,
ਕੁੜੇ ਹੁਣ ਤੇ ਨਜ਼ਰ ਮਿਲਾਅ।

* * ਯੂਨਾਨੀ ਮਿਥਿਹਾਸ

‘ ‘ ਲੈਂਡਸਕੇਪ ਪਲਾਂਟ ਮੈਟੀਰੀਅਲ

# ਆ ਕੰਡਿਆ ਤੈਨੂੰ ਸੀਨੇ ਲਾਵਾਂ

ਆ ਕੰਡਿਆ ਤੈਨੂੰ ਸੀਨੇ ਲਾਵਾਂ
ਦਰਦ ਸੁਣਾਵਾਂ ਦਿਲ ਦਾ।
ਫੁੱਲਾਂ ਨੂੰ ਕੋਈ ਕੀ ਆਖੇ
ਜਦ ਨਹੀਂ ਹੁੰਗਾਰਾ ਮਿਲਦਾ ।
ਆ ਕੰਡਿਆ . . . . .

ਪੰਖੜੀਆਂ ਨੂੰ ਹਰ ਕੋਈ ਚੁੰਮੇ
ਲੋਚੇ ਪਰੀਤ ਲਗਾਣਾ।
ਸੰਗੀ ਬਣ ਤੂੰ ਵੇਖ ਲਿਆ
ਫੁੱਲਾਂ ਦਾ ਹੋਰ ਟਿਕਾਣਾ।
ਕਲੀਓਂ ਫੁੱਲ ਬਣੇ ਤੇ ਮਹਿਕੇ
ਦਿਲ ਤਾਂ ਹਝੂੀ ਮਚਲਦਾ।
ਆ ਕੰਡਿਆ . . . . .

ਜੁਗਾਂ ਜੁਗਾਂ ਤੋਂ ਸਾਥ ਗੁਲਾਬੀ
ਤੂੰ ਵਿਚੋਂ ਕੀ ਖੱਟਿਆ।
ਜਾਹ! ਹੁਸਨਾਂ ਦੇ ਪਹਿਰੇਦਾਰਾ
ਖੁਦ ਦਿਨ ਦੀਵੀਂ ਲੁੱਟਿਆ।
ਤੂੰ ਲੁਟਿਆ ਮੈਂ ਪੁਟਿਆ ਓ ਯਾਰਾ
ਹਸ਼ਰ ਦੋਹਾਂ ਦਾ ਮਿਲਦਾ।
ਆ ਕੰਡਿਆ . . . . .

ਕਾਢ੍ਹੀ ਸਜ਼ਾ ਮਿਲੀ ਹੈ ਤੈਨੂੰ
ਕੀ ਕਰ ਬੈਠੋਂ ਪੁੱਠਾ।
ਫੁੱਲਾਂ ਦੇ ਘਰ ਸਦਾ ਬਹਾਰਾਂ

ਤੂੰ ਰੁੱਠੇ ਦਾ ਰੁੱਠਾ ।
ਖੁਸ਼ਬੋ - ਚੋਰ ਪਖੰਡੀ ਜਾਂ ਤੂੰ
ਰਾਤ - ਬਰਾਤੇ ਮਿਲਦਾ।
ਆ ਕੰਡਿਆ . . . . .

ਕੁਝ ਤੇ ਬੋਲ ਦਿਲਾਂ ਦੀ ਅੜਿਆ,
ਬਿਨ ਪੁੱਛਿਆਂ ਮੈਂ ਦੱਸੀ।
ਕਿਸ ਦੀ ਖਾਤਰ ਖਾਰ ਬਣ ਗਿਓਂ
ਕੌਣ ਤੇਰੇ ਮਨ ਵੱਸੀ।
ਚੁਭਨ ਤੇਰੀ ਮੈਂ ਹੱਸ ਕੇ ਸਹਿ ਲਾਂ
ਭੇਤ ਜੇ ਖੋਲ੍ਹੇਂ ਦਿਲ ਦਾ।
ਆ ਕੰਡਿਆ . . . . .

# ਕੁਰਬਾਨੀ

ਵਿੱਚ ਸਮੁੰਦਰ ਜਾ ਕੇ ਮਰਦੀ  ਮਰ ਜਾਂਦੀ ਹੈ।
ਪਰ  ਉਹ ਸੱਚੀ ਲੋਕ ਕਹਾਵਤ ਕਰ ਜਾਂਦੀ ਹੈ।
ਦੂਰ  ਪਹਾੜੋਂ  ਗਾਗਰ ਚੁੱਕੀ,  ਨਦੀ  ਨਿਮਾਣੀ,
ਫੂਹੀ - ਫੂਹੀ ਕਰਕੇ  ਸਾਗਰ  ਭਰ ਜਾਂਦੀ  ਹੈ।

# ਠਲ੍ਹਦਾ ਨਹੀਂ ਦਰਿਆ

(2011 ਮਧ-ਪੂਰਬ ਦੀ ਉਥਲ-ਪਥਲ ਦੇ ਨਾਂ)

ਸੂਰਜ ਏਥੇ ਦਿਨ ਦੀਵੀਂ ਕਲ੍ਹ ਡੁੱਬਿਆ ਸੀ।
ਚੰਨ ਵੀ ਤਕਿਆ ਇਸ ਗੁਠੋਂ ਅਜ ਚੜ੍ਹਿਆ ਹੈ।
ਕਾਵਾਂ ਨੇ ਜੋ ਰਲ ਕੇ ਕੂੰਜ ਚੁਰਾਈ ਸੀ,
ਕਾਵਾਂ ਨੂੰ ਅਜ ਕੂੰਜਾਂ ਆ ਕੇ ਫੜਿਆ ਹੈ।
ਉਹ ਭੁੱਲੜ ਵੀ ਭੁੱਲਾ ਲੋਕੀਂ ਭੁੱਲ ਜਾਂਦੇ,
ਦਿਨ ਦਾ ਭੁੱਲਿਆ ਸ਼ਾਮ ਜੋ ਵੇਹੜੇ ਵੜਿਆ ਹੈ।
ਪਾਣੀ ਦੀ ਇਕ ਬੂੰਦ ਬੂੰਦ ਜਦ ਮਿਲ ਜਾਂਦੀ,
ਠਲ੍ਹਦਾ ਨਹੀਂ ਦਰਿਆ ਉਹ ਵਗਦਾ ਭਰਿਆ ਹੈ।
ਵਾਰਸ ਸ਼ਾਹ ਦੇ ਕੋਲੋਂ ਵੀ ਉਹ ਬੱਝਿਆ ਨਾ,
ਖੇੜੇ ਹਾਰੇ ਲੱਖ ਵਸੀਲਾ ਘੜਿਆ ਹੈ।

# ਓਹੀ ਹੈ ਇਹ ਸਿਤਾਰਾ

(ਅਮਰੀਕਾ ਦੀਆਂ 2008 ਦੀਆਂ ਚੋਣਾਂ ਅਤੇ ਓਬਾਮਾ ਦੇ ਨਾਂ)

ਓਹੀ ਹੈ ਲਿਸ਼ਕ ਇਸਦੀ, ਓਹੀ ਹੈ ਇਹ ਸਿਤਾਰਾ।
ਸਰਘੀਆਂ ਦਾ ਸੂਚਕ, ਪ੍ਰਭਾਤ ਦਾ ਇਸ਼ਾਰਾ।

ਇਸ ਤੋਂ ਬਿਨਾ ਵੀ ਅੰਬਰ ਤਾਰੇ ਅਨੇਕ ਸੋਂਹਦੇ,
ਇਸ ਨਾਲ ਤਾਰਾ- ਮੰਡਲ ਦਾ ਹੋਰ ਹੀ ਨਜ਼ਾਰਾ।

ਕਲ੍ਹ ਵੀ ਉਡੀਕਦੇ ਸੀ ਉਹ ਕਾਫਲੇ ਖਲੋਤੇ,
*ਉਹ ਬੁਝ ਗਿਆ ਅਚਾਨਕ,*ਇਹ ਲਿਸ਼ਕਿਆ ਦੁਬਾਰਾ।

ਤਦ ਵੀ ਤੇ ਕਾਫਲੇ ਸੀ, ਏਸੇ ਉਮੀਦ ਤੁਰ ਪਏ,
ਅਫਸੋਸ ਕਟ ਗਈ ਰਾਹ, *'ਬਦਲੀ ਕੋਈ ਆਵਾਰਾ'।

ਇਹ ਵਾਟ ਹੈ ਲੰਮੇਰੀ , ਰਾਤ ਘੁੱਪ ਹਨੇਰੀ,
ਨੇਰ੍ਹਿਆ ਦਾ ਪੂਰ ਭਰਿਆ, ਦੂਰ ਹੈ ਕਿਨਾਰਾ।

ਹੁਣ ਕਾਫਲੇ'ਚ ਵੇਖੋ ਰਲਿਆ ਨਾ ਚੋਰ ਹੋਵੇ,
ਚੋਰਾਂ ਤੇ *ਰਾਹਜ਼ਨਾ ਲਈ ਚਾਨਣ ਨਹੀਂ ਗਵਾਰਾ।

*ਉਹ : ਜੇ.ਐਫ.ਕੇ
*ਇਹ : ਓਬਾਮਾ
*'ਬਦਲੀ ਕੋਈ ਆਵਾਰਾ': ਕਾਤਿਲ
*ਰਾਹਜ਼ਨ : ਡਾਕੂ

# ਤੂੰ ਸਾਥੋਂ ਮੁੱਖ ਨਾ ਮੋੜੀਂ

ਤੂੰ ਸਾਥੋਂ ਮੁੱਖ ਨਾ ਮੋੜੀਂ, ਅਸੀਂ ਕੁਝ ਲੈਣ ਨਈ੍ਹੀਂ ਆਏ।
ਤੇਰੀ ਸੋਭਾ ਈ ਸੁਣ ਕੇ ਆ ਗਏ ਸਾਂ, ਰਹਿਣ ਨਈ੍ਹੀਂ ਆਏ।

ਅਸਾਂ ਪਰਦੇਸੀਆਂ ਦੀ, ਜੋਗੀਆਂ ਵਾਲੀ ਹੀ ਫੇਰੀ ਹੈ,
ਹੈ ਕੱਟਣੀ ਸਫਰ ਵਿਚ ਸਾਡੀ, ਤਾਂ ਏਥੇ ਬਹਿਣ ਨਈ੍ਹੀਂ ਆਏ।

ਤੂੰ ਏਹੋ ਆਖਿਆ ਸੀ 'ਨਾ, 'ਸਰਾਂ ਹੈ ਇਹ ਮੁਸਾਫਿਰ ਲਈ'
ਅਸੀਂ ਪਾਹਰੂ ਬਣੇ ਹਾਂ, ਇਸ ਸਰਾਂ ਵਿਚ ਸੌਣ ਨਈ੍ਹੀਂ ਆਏ।

ਦਿਲਾਂ ਦੀ ਤਰਬ ਵੀ ਛੇੜੇਂ, ਕਹੇਂ ਖਾਮੋਸ਼ ਵੀ ਰਹੀਓ,
ਅਸੀਂ ਕੋਈ ਐਸੀਆਂ ਬਾਤਾਂ, ਤਾਂ ਏਥੇ ਪਾਉਣ ਨਈ੍ਹੀਂ ਆਏ।

ਬਣੇ ਨਈ੍ਹੀਂ ਫੁੱਲ ਜਾਂ ਤਾਰਾ, ਰਤਾ ਵੀ ਹਿਰਖ ਨਈ੍ਹੀਂ ਸਾਨੂੰ,
ਅਜਾਈਂ ਅੱਥਰੂ ਦੀ ਜੂਨ ਵੀ, ਪਰ ਜੀਉਣ ਨਈ੍ਹੀਂ ਆਏ।

ਕਿਸੇ ਨੇ ਕੀ ਪਤਾ ਕੋਲੋਂ, ਬਣਾ ਕੇ ਕੀ ਕਿਹਾ ਹੋਣਾ,
ਸਿਰਾਂ ਦੇ ਭਾਰ ਆਏ ਹਾਂ, ਵਿਗੋਚਾ ਲਾਹੁਣ ਨਈ੍ਹੀਂ ਆਏ ।

ਜੇ ਮੰਗ ਕੇ ਹੀ ਲਿਆ, ਤੇ ਕੀ ਲਿਆ ਦਰਬਾਰ ਤੇਰੇ ਚੋਂ,
ਤਿਰਾ ਦੀਦਾਰ ਵੀ ਹੋਵੇ ਨਾ,ਇਹ ਵੀ ਸਹਿਣ ਨਈ੍ਹੀਂ ਆਏ।

# ਛਣਕਣੇ

ਖਾਲੀ ਛਣਕਣੇ ਛਣਕਾ ਕੇ, ਸਾਨੂੰ ਨਾ ਵਰਾਇਆ ਕਰ।
ਸਾਡੀ ਇੱਕ ਨਈ੍ਹੀਂ ਸੁਨਣੀ, ਸਾਨੂੰ ਨਾ ਬੁਲਾਇਆ ਕਰ।

ਨਾ ਸਾਥੋਂ ਦੂਰ ਹੀ ਜਾਵੇਂ, ਨਾ ਸਾਡੇ ਕੋਲ ਬਹਿ ਰਾਜੀ,
ਜੇ ਟੱਸ ਤੋਂ ਮੱਸ ਨਹੀਂ ਹੋਣਾ,ਤਾਂ ਕਿੱਸੇ ਨਾ ਦੁਹ੍ਰਾਇਆ ਕਰ।

ਤੇਰਾ ਨੋ੍ਹਰਾ, ਕਿ ਸਾਡੇ ਦਿਲ'ਚ ਕੀ ਹੈ ਕੀ ਪਤਾ ਤੈਨੂੰ,
ਤੂੰ ਸਭ ਕੁਝ ਜਾਣਕੇ ਐਵੇਂ, ਬਹਾਨੇ ਨਾ ਬਣਾਇਆ ਕਰ।

ਤੇਰੇ ਨਗਮਿਆਂ ਵਿਚ ਹੈ ਕਿਤੇ ਦੱਸ ਜ਼ਿਕਰ ਤਕ ਸਾਡਾ?
ਤੂੰ ਬਾਤਾਂ ਰਹਿਣ ਦੇ ਬਾਤਾਂ, ਬੁਤੰਗੜ ਨਾ ਬਣਾਇਆ ਕਰ।

ਜੇ ਸੱਚੀ ਗੱਲ ਸੁਨਣੀ-ਆਖਣੀ, ਫਿਤਰਤ ਨਹੀਂ ਤੇਰੀ,
ਗੱਲਾਂ ਧੀ ਨੂੰ ਕਹਿ ਕੇ, ਨੂੰਹਾਂ ਨੂੰ ਨਾ ਸੁਣਾਇਆ ਕਰ।

ਅਸੀਂ ਤੇ ਦਿਲੋਂ ਹਾਂ ਤੇਰੇ , ਹੈ ਤੇਰੇ ਹੀ ਦਿਲੋਂ ਰਹਿਣਾ,
ਜ਼ਰਾ ਜਹੀ ਅੱਖ ਖੁਲ੍ਹਣ ਤੇ, ਨਾ ਐਵੇਂ ਖਿਸਕ ਜਾਇਆ ਕਰ।

# ਨਾਲ ਸਲੂਕ ਦੇ ਬੋਲ ਵੇ ਮਾਹੀ

ਨਾਲ ਸਲੂਕ ਦੇ ਬੋਲ ਵੇ ਮਾਹੀ, ਬੋਲ ਨਾ ਫਿੱਕੜੇ  ਬੋਲ।
ਨੈਣ ਨੈਣਾਂ ਦੀ ਕਰਨ ਮਜੂਰੀ , ਪਰ ਨਾ ਸਹਿਣ ਕੁਬੋਲ।
ਨਾਲ ਸਲੂਕ ਦੇ ਬੋਲ............

ਉਹ ਮੇਲੇ ਹਰ ਰੋਜ਼ ਮਨਾਈਏ,  ਇਹ ਮੇਲਾ ਇਕ ਵਾਰੀ।
ਵੇਖੀਂ ਇਸ ਵਿਚ ਖੋਹ ਨਾ ਬਈਏ,ਇਕੋ ਵਸਤ ਪਿਆਰੀ।
ਫੜ੍ਹ  ਲੈ  ਨਾਲ ਫੜਾ ਦੇ  ਉਂਗਲੀ, ਰਹੀਏ  ਕੋਲੋ  ਕੋਲ।
ਨਾਲ ਸਲੂਕ ਦੇ ਬੋਲ............

ਤੂੰ ਸਾਡੇ ਅੰਗ ਸੰਗ ਰਹੇਂ, ਨਾ  ਦੁਨੀਆਂ  ਰਹੇ ਪਰਾਈ।
ਤੂੰ ਰੁਸ ਜਾਵੇਂ ਤਾਂ ਫਿਰ ਸਾਡੀ, ਹੋਣੀ  ਨਈਂ  ਰਸਾਈ।
ਬਿਨ ਤੇਰੇ ਇਹ ਮੇਲਾ ਸੱਖਣਾ,  ਖਾਲੀ  ਢੋਲ – ਮਢੋਲ।
ਨਾਲ ਸਲੂਕ ਦੇ ਬੋਲ............

ਇਕ ਤੇਰੀ ਮੁਸਕਾਣ'ਚ ਸਾਡੇ, ਲਿਸ਼ਕਣ ਚੰਨ ਹਜ਼ਾਰਾਂ।
ਚਾਨਣੀਆਂ  ਖੁਸ਼ਬੋਆਂ  ਸਾਨੂੰ,  ਤੇਰੇ  ਨਾਲ  ਬਹਾਰਾਂ।
ਤੇਰੇ   ਬਾਝੋਂ  ਚਪਟੀ  ਧਰਤੀ, ਕਿਹੜਾ ਆਖੂ  ਗੋਲ।
ਨਾਲ ਸਲੂਕ ਦੇ ਬੋਲ............

ਦੂਰ ਸੁਰਗ ਤੋਂ ਅਸਾਂ ਕੀ ਲੈਣਾਂ, ਸਾਥ ਨਿਭੇ  ਇੱਕ ਤੇਰਾ।
ਓਸ ਸੁਰਗ ਵਿਚ ਜਾਂ ਨਾ ਮਿਲਿਆ, ਤੇਰਾ ਚੇਹਰਾ ਮੋਹਰਾ।
ਏਸੇ  ਧਰਤ  ਸਮਾਏ  ਉਹ ਵੀ,  ਚਾਰੇ  ਤੱਬਕ  ਫਰੋਲ।
ਨਾਲ ਸਲੂਕ ਦੇ ਬੋਲ............

# ਲੈਲਾ ਖਾਲਿਦ-ਇੱਕ ਕਿੱਸਾ ਕਹਾਣੀ

25 ਸਾਲਾ ਲੈਲਾ ਖਾਲਿਦ 1969 ਵਿਚ ਰੋਮ ਤੋਂ ਐਥਨ ਵੱਲ਼ ਜਾਂਦੇ ਹਵਾਈ ਜਹਾਜ਼ ਨੂੰ ਅਗਵਾ ਕਰਕੇ ਹੀਥਰੋ (ਲੰਡਨ) ਹਵਾਈ ਅੱਡੇ ‘ਤੇ ਉਤਰੀ ਸੀ। ਇਸ ਕਿਸਮ ਦੀ ਇਹ ਪਹਿਲੀ ਘਟਨਾ ਸੀ ਜੋ ਇਕ ਫਲਸਤੀਨੀ ਮੁਟਿਆਰ ਵਲੋਂ ਅੰਤਰ-ਰਾਸ਼ਟਰੀ ਪਰਿਵਾਰ ਸਾਂਹਵੇਂ ਫਲਸਤੀਨੀਆਂ ਦੀ ਹੋਣੀ ਬਾਰੇ ਰੋਸ ਪ੍ਰਗਟ ਕਰਦਿਆਂ ਇੱਕ ਕਿੱਸਾ-ਕਹਾਣੀ ਵਾਂਗ ਵਾਪਰੀ ਸੀ, ਜਿਸ ਵਿਚ ਕਿਸੇ ਯਾਤਰੀ ਦਾ ਕੋਈ ਜਾਨੀ ਜਾਂ ਮਾਲੀ ਨੁਕਸਾਨ ਕਰਨ ਦਾ ਮਨਸ਼ਾ ਨਈਂ ਸੀ ਤੇ ਨਾ ਹੀ ਹੋਇਆ ਸੀ। ਉਸ ਪਿੱਛੋਂ ਇਸ ਸਿਲਸਲੇ ਨਾਲ ਸੰਬੰਧਤ ਜੋ ਕੁਝ ਵਾਪਰਿਆ ਉਹ ਹੁਣ ਇਤਿਹਾਸ ਹੈ।ਇਸ ਕਵਿਤਾ ਦਾ ਆਰੰਭ 1969 ਵਿਚ ਹੀ ਹੋਇਆ ਸੀ ਪਰ ਸਮਾਪਤੀ 2011 ਵਿਚ ਹੋਈ ਹੈ!

ਜਦ ਲੈਲਾ ਖਾਲਿਦ ਪੁੱਛਿਆ,
ਅੱਕ ਕੇ ਆਖਿਰਕਾਰ।
“ਮੇਰਾ ਤੰਬੂ ਸਿਰ ਨਹੀਂ ਢੱਕਦੇ,
ਮੈਂ ਹੋ ਗਈ ਆਂ ਮੁੱਟਿਆਰ।
ਅਸੀਂ ਦੇਸ ਬਿਗਾਨੇ ਰੁਲ ਗਏ,
ਕਟਣ ਗਏ ਦਿਨ ਚਾਰ”।

“ਅਸੀ ਕਿਵੇਂ ਸਰਾਹੀਏ ਓਸ ਨੂੰ,
ਸਾਡਾ ਲੁਟਿਆ ਜਿਸ ਘਰ ਬਾਰ੍ਹ।
ਆਪਣੇ ਘਰ ਮੁੜ ਜਾਣ ਦੇ,
ਕੋਈ ਦਿੱਸੇ ਨਾ ਆਸਾਰ”।
ਰੱਬ ਹਿੰਮਤਾਂ ਆਪੇ ਦਿੱਤੀਆਂ,
ਉਹ ਤੁਰ ਪਈ ਹੋ ਤਯਾਰ।

ਉਹ ਚੜ੍ਹ ਪਈ ਨੀਲੇ ਅੰਬਰੀਂ,
ਹਵਾ ਤੇ ਹੋ ਅਸਵਾਰ।

ਹੈਫਾ – ਹੈਫਾ ਕੂਕਦੀ ,
ਲੰਘ ਸੱਤ ਸਮੁੰਦਰ ਪਾਰ।
ਉਹਦੀ ਝਾਂਜਰ ਛਣਕੀ ਹੀਥਰੋ,
ਗਈ ਯੂਰਪ ਵਿਚ ਛਣਕਾਰ।

ਉਹਦੇ ਪੈਣ ਭੁੱਲੇਖੇ ਥਾਂ ਥਾਂ,
ਅਤੇ ਕੰਬੀ ਹਰ ਸਰਕਾਰ।
ਓਦੋਂ ਚੂੜਾ ਸ਼ੱਕੀ ਬਣ ਗਿਆ,
'ਤੇ ਸਾਂਵਲੀ ਹਰ ਮੁਟਿਆਰ।
ਤਦ ਵੀ ਇਸ ਪਰਿਵਾਰ ਨੇ,
ਉਹਦੀ ਛੱਡੀ ਗੱਲ ਵਿਸਾਰ।

ਕੈਂਪਾਂ ਵਿਚ ਰੁਲੀਂਦੀਂਆਂ,
ਇੰਜ ਪੁਸ਼ਤਾਂ ਲੰਘੀਆਂ ਚਾਰ।
ਬੇ – ਵਤਨਾਂ, ਬੇ–ਘਰਾਂ ਦੀ ,
ਜਦ ਕਿਸੇ ਨਾ ਪੁੱਛੀ ਸਾਰ।
ਇਸ ਨਾ–ਇਨਸਾਫ ਤਰਾਸਦੀ,
ਲਿਆ ਰੂਪ ਕਰੂਪਾ ਧਾਰ।

(ਹੁਣ) ਇੱਕ ਧਿਰ ਬਿਜਲੀ ਲਿਸ਼ਕਦੀ,
ਬਿਨ – ਗਰਜੋਂ ਸੁਟਦੀ ਸਾੜ।
ਦੂਜੀ ਬਲਦਾ ਬ੍ਰਿਖ ਹੈ,
ਅੱਗ ਉਤੇ ਅਸਵਾਰ।
ਇਹ ਖੇਡ ਅਗਨ ਦੀ ਖੇਡਦੇ,
ਸਾਨੂੰ ਦੋਹੀਂ ਪਾਸੀਂ ਹਾਰ।

ਉਠ ਦੀਨ-ਦੁਨੀਂ ਦੇ ਮੁਨਸਫਾ**
ਸਾਂਭ ਆਪਣਾ ਪਰਿਵਾਰ।
ਘਰ ਸਭਨਾਂ ਨੂੰ ਲੋੜੀਏ,
ਸਭਨਾਂ ਨੂੰ ਰੁਜ਼ਗਾਰ।
ਸਭ ਕੋਟ ਕਚਹਿਰੀ ਖੋਲ੍ਹ ਦੇ,
ਹੁਣ ਹੋਰ ਨਾ ਸੋਚ ਵਿਚਾਰ।

** Emerging world order

# ਦਰਾੜਾਂ ਖਾ ਗਏ ਸ਼ੀਸ਼ੇ

ਕਈ ਵਾਰੀ ਤਾਂ ਨਾ-ਸਮਝੇ , ਸਮਝ -ਵਿਚਾਰਦੇ ਵੇਖੇ।
ਬਹੁਤ ਵਾਰੀ ਸਮਝ-ਰਖਦੇ, ਕਮਲੀਆਂ ਮਾਰਦੇ ਵੇਖੇ।

ਦਾਮਨ ਕੰਡਿਆਂ ਨੇ ਵੀ ਸੰਭਾਲੇ ਨੇ ਬੜੇ ਏਥੇ,
ਬਹੁਤ ਵਾਰੀ ਗੁਲਾਬੀ ਫੁੱਲ ਦਾਮਨ ਪਾੜਦੇ ਵੇਖੇ।

ਕਦੇ ਤਾਂ ਗ਼ੈਰ ਦੀ ਨਜ਼ਰੀ ਵੀ ਅਪਨਾਪਨ ਝਲਕ ਪੈਂਦਾ,
ਬਹੁਤ ਵਾਰੀ ਬਣਾ ਕੇ ਆਪਣਾ ਹੀ ਮਾਰਦੇ ਵੇਖੇ।

ਵੇਖੇ ਦੋਸਤੀ ਅੰਦਰ ਦਰਾੜਾਂ ਖਾ ਗਏ ਸ਼ੀਸ਼ੇ,
ਕਦੇ ਪਰ ਅਜਨਬੀ ਮਿਲ ਗਏ ਵੀ ਵਾਅਦੇ ਪਾਲ ਦੇ ਵੇਖੇ।

ਜਿਨ੍ਹਾਂ ਨੂੰ ਗਰਵ ਤਾਕਤ ਆਪਣੀ ਦਾ ਸੀ ਕਿਆਂਮਤ ਤੱਕ,
ਉਹ ਵੰਗ ਵਾਂਗੂੰ ਤੜੱਕ ਹੋਏ ਤੇ ਟੁਕੜੇ ਭਾਲਦੇ ਵੇਖੇ।

ਸੀ ਅਜ਼ਲਾਂ ਤੋਂ ਜਿਨ੍ਹਾਂ ਇਲਜ਼ਾਮ ਲੇਲੇ ਸਿਰ ਲਗਾ ਛਡਿਆ,
ਉਹੀ ਬਘਿਆੜ ਚੜ੍ਹਦੇ ਪਾਣੀਆਂ ਗੰਧਾਲਦੇ ਵੇਖੇ।

'ਇਹ ਸਰ ਕਿਨੇ ਕੁ ਡੂੰਘੇ ਨੇ ਕਿਸੇ ਨੇ ਸਾਰ ਨਾ ਪਾਈ',
ਸਿਕੰਦਰ ਤੇ ਕਈ ਆਏ ਡੁਬਕੀਆਂ ਮਾਰਦੇ ਵੇਖੈ।

# ਰੁਬਾਈਆਂ

## ਬੁੱਤ ਘਾੜਾ:

ਓਸ ਬੁੱਤ- ਘਾੜੇ ਤੇ ਬੜਾ ਹੀ ਤਰਸ ਆਇਆ ਸੀ।
ਅੰਦਰ ਜਾਣ ਤੋਂ ਜਿਸ ਨੂੰ ਪੁਜਾਰੀ ਨੇ ਹਟਾਇਆ ਸੀ।
ਕਿਸੇ ਨੂੰ ਕੀ ਪਤਾ ਪੱਥਰ ਉਹ ਓਸੇ ਦਾ ਤਰਾਸ਼ਾ ਸੀ,
ਜਿਨੂੰ ਭਗਵਾਨ ਕਹਿ ਅੰਦਰ ਪੁਜਾਰੀ ਨੇ ਸਜਾਇਆ ਸੀ।

## ਰੁੱਖਾਂ ਦੀ ਜੀਰਾਂਦ:

ਮਿੱਟੀ ਦੇ ਵਿਚ ਮਿਲਕੇ ਦਾਣਾ ਫਿਰ ਨਾ ਮਿੱਟੀ ਹੋਇਆ।
ਘੱਟੇ ਲੱਖ ਰੁਲਾਇਆ ਬੇਸ਼ਕ ਬਣਕੇ ਬਿਰਛ ਖਲੋਇਆ।
ਹਵਾ, ਹਨ੍ਹੇਰੀ, ਝੱਖੜ, ਝੋਲੇ, ਫੇਰ ਕੁਹਾੜੇ ਥੱਲੇ,
ਵੇਂਦ੍ਹਾ ਨਈਂ ਜੀਰਾਂਦ ਰੁਖਾਂ ਦੀ, ਕੀ ਕੁਝ ਓਥੇ ਹੋਇਆ!

## ਨਦੀ ਦਾ ਦੋਸ਼:

ਲੰਘ ਗਏ ਇਕ ਵਾਰ ਨਦੀ ਦੇ ਜਿਸ ਪੁਲ ਹੇਠੋਂ ਪਾਣੀ,
ਉਹ ਪਰਤਣਗੇ ਫੇਰ ਦੋਬਾਰਾ ਇੰਜ ਕਦੇ ਨਾ ਹੋਇਆ।
ਨਦੀਆਂ ਦੇ ਸਿਰ ਦੋਸ਼ ਪਹਾੜੋਂ ਰਾਤ ਬਰਾਤੇ ਆਈਆਂ,
ਸਾਗਰ ਦੋਸ਼- ਮੁਕਤ ਜੋ ਰੱਖੀ ਰੱਖੇ ਬੂਹਾ ਢੋਇਆ।

# ਕੋਮਲ ਸ਼ਾਇਰ

ਪਸ਼ੌਰਾ ਸਿੰਘ ਢਿੱਲੋਂ ਜੀ ਹੋਰਾਂ ਨਾਲ ਮੇਰਾ ਦੂਹਰਾ ਰਿਸ਼ਤਾ ਹੈ; ਇਕ ਤਾਂ ਸ਼ਾਇਰ ਹੋਣ ਦਾ ਤੇ ਦੂਜਾ ਲਹੌਰੀ ਹੋਣ ਦਾ। ਮੇਰਾ ਲੜਕਪਨ ਵੀ ਲਾਹੌਰ ਗੁਜ਼ਰਿਆ ਤੇ ਢਿੱਲੋਂ ਹੋਰਾਂ ਦੀ ਜਨਮ-ਭੋਂ ਵੀ ਜੱਲੋ ਮੋੜ ਲਾਗਲੇ ਇਕ ਪਿੰਡ ਜੰਡਿਆਲਾ ਹੈ। ਵੰਡ ਤੋਂ ਪਹਿਲਾਂ ਮੇਰੇ ਤੇ ਢਿੱਲੋਂ ਜੀ ਹੋਰਾਂ ਦੇ ਵਿਚਾਲੇ ਕੋਈ ਨਹਿਰ ਕੋਈ ਖਾਲਾ ਨਹੀਂ ਸੀ ਪੈਂਦਾ।

ਵੰਡ ਦੀ ਵੰਡ ਅਜਹਿਾ ਵੰਡਿਆ ਕਿ ਹੁਣ ਅਸੀਂ ਓਸ ਹੋਣੀ ਨੂੰ ਯਾਦ ਕਰਕੇ ਆਪਣੀਆਂ ਅੱਖਾਂ ਸਿੱਲੀਆਂ ਕਰ ਬਹਿਨੇ ਆਂ। ਇਹ ਕਿਹੋ ਜਿਹੀ ਹਿਜਰਤ ਸੀ ਜਿਹੜੀ ਅਸਾਂ ਆਪਣੇ ਹੀ ਘਰ ਤੋਂ ਘਰ ਅੰਦਰ ਨੂੰ ਕੀਤੀ ਹੈ!

ਮੈਂ ਅੰਮ੍ਰਿਤਸਰ ਜੰਮਿਆਂ, ਮੇਰਾ ਟੱਬਰ- ਟੀਰ ਓਥੋਂ ਉਠ ਕੇ ਅੱਜ ਦੇ ਗ਼ਾਜ਼ੀਆਬਾਦ ਆ ਵਸਿਆ-ਤੇ ਢਿੱਲੋਂ ਜੀ ਹੋਰਾਂ ਦਾ ਟੱਬਰ ਵੰਡ ਪਿਛੋਂ ਭਕਨੇ ਜਾ ਬੈਠਾ। ਇੰਜ ਇਹ ਤਬਾਦਲਾ ਹੋਇਆ।

ਬਾਬਾ ਸੋਹਨ ਸਿੰਘ ਭਕਨਾ ਹੋਰਾਂ ਨੂੰ ਕੌਣ ਨਹੀਂ ਜਾਣਦਾ! ਮੇਰੇ ਲਈ ਏਸ ਤੋਂ ਵੱਡਾ ਮੇਰਾ ਕੀ ਸੁਭਾਗ ਹੋ ਸਕਦਾ ਹੈ ਕਿ ਅੱਜ ਮੈਂ ਜਿਹੜੇ ਦੋ ਅੱਖਰ ਰਚ ਰਿਹਾ ਹਾਂ, ਉਹ ਭਕਨਾ ਜੀ ਹੋਰਾਂ ਦੇ ਕਿਸੇ ਜੀਅ ਬਾਰੇ ਨੇ। ਪਸ਼ੌਰਾ ਸਿੰਘ ਹੋਰਾਂ ਦੀ ਸ਼ਾਇਰ ਹੋਵਨ ਤੋਂ ਵੱਖ ਇਕ ਵਡਿਆਈ ਹੋਰ ਇਹ ਵੀ ਦਿਸਦੀ ਹੈ ਕਿ ਉਹਨਾਂ ਦਾ ਤਅੱਲਕ ਆਪਣੀ ਧਰਤੀ ਲਈ ਜੂਝਦੇ ਟੱਬਰ ਜਿਨ੍ਹਾਂ ਆਪਣਾ ਸਾਰਾ ਕੁਝ ਆਪਣੇ ਨਜ਼ਰੀਏ ਦੇ ਨਾਵੇਂ ਲਾ ਦਿੱਤਾ ਓਸ ਨਾਲ ਹੈ।

ਪਸ਼ੌਰਾ ਸਿੰਘ ਹੋਰਾਂ ਦੀ ਵਡਿਆਈ ਦਾ ਦੂਜਾ ਗੁਣ ਉਹਨਾਂ ਦੀ ਬੁੰਨਤਗੀਰੀ ਤੇ ਬੋਲੀ ਦੀ ਸੋਹਣੀ ਵਰਤੋਂ ਵੀ ਹੈ। ਉਹਨਾਂ ਦੀ ਨਜ਼ਮ ਧੀਆਂ ਪੜ੍ਹ ਕੇ ਬਹੁਤ ਵਧੀਆ ਲੱਗਾ। ਜਿਸ ਵਿਚ ਉਹਨਾਂ ਇਸ ਵਿਤਕਰੇ ਤੇ ਸਿਧੀ- ਸਿਧੀ ਚੋਟ ਕੀਤੀ ਹੈ, ਜਿਸ ਕਾਰਨ ਅਸੀਂ ਇਕ ਜੀਅ ਨੂੰ ਤਾਂ ਬਹੁਤ ਵਡਿਆਉਨੇ ਹਾਂ ਪਰ ਦੂਜੇ ਨੂੰ ਨਿੰਦਦੇ ਹਾਂ। ਮੇਰੀ ਆਪਣੀ ਸ਼ਾਇਰੀ ਦਾ ਵੀ ਮੌਜ਼ੂ ਇਨਸਾਨੀ ਮਸਾਇਲ ਤੇ ਇਹ ਨਿੱਕੇ ਨਿੱਕੇ ਅਹਿਸਾਸ ਈ ਹੁੰਦੇ ਨੇ। ਇੰਜ ਲਗਦਾ ਹੈ ਜੋ ਮੈਂ ਆਖਣਾ ਸੀ ਉਹ ਪਏ ਆਂਹਦੇ ਨੇ।

ਮੈਂ ਆਸ ਕਰਦਾ ਹਾਂ ਕਿ ਢਿੱਲੋਂ ਜੀ ਹੋਰੀਂ ਹਮੇਸ਼ ਇੰਜ ਦਾ ਹੀ ਸੁਲੱਖਣਾ ਲਿਖਦੇ ਰਹਿਣ। ਮੈਂ ਸ਼ਾਹਮੁਖੀ ਵਿਚ ਉਹਨਾਂ ਦੀ ਇਸ ਕਿਤਾਬ ਨੂੰ ਦਿਲੋਂ-ਬਿਜਾਨੋਂ ਜੀ ਆਇਆਂ ਆਖਦਾ ਹਾਂ ਤੇ ਆਸ ਕਰਦਾ ਹਾਂ ਕਿ ਇਹ ਸਿਲਸਲਾ ਹਮੇਸ਼ ਜਾਰੀ ਰਹੇਗਾ।

**ਬਾਬਾ ਨਜਮੀ, ਲਾਹੌਰ**

ਪਸ਼ੌਰਾ ਸਿੰਘ ਢਿੱਲੋਂ ਸ਼ਬਦਾਂ ਨੂੰ ਆਪਣੇ ਭਾਵਾਂ ਦੇ ਵਾਹਕਾਂ ਵਜੋਂ ਹੀ ਨਹੀਂ ਵਰਤਦਾ ਸਗੋਂ ਉਹਨਾਂ ਦੇ ਰੰਗ ਵੀ ਟਕਿਆਉਂਦਾ ਹੈ, ਉਹਨਾਂ ਦੀ ਖੁਸ਼ਬੋ ਵੀ ਮਹਿਕਾਉਂਦਾ ਹੈ ਅਤੇ ਉਹਨਾਂ ਦੀ ਧੁਨੀ ਵੀ ਜਗਾਉਂਦਾ ਹੈ। ਲੈਅ, ਸੁਰ, ਤਾਲ ਵਿਚ ਬੀੜੇ ਸ਼ਬਦ ਉਹਦੇ ਲਈ ਸਤਰੰਗੀ ਪੀਂਘ ਵੀ ਹੁੰਦੇ ਹਨ, ਪ੍ਰਕਿਰਤੀ ਦੀ ਸੁਗੰਧ ਵੀ ਅਤੇ ਸਿਤਾਰ ਦੇ ਤਾਰ ਵੀ। ਉਹਦੀਆਂ ਕਵਿਤਾਵਾਂ ਦਾ ਦੂਹਰਾ ਮਹੱਤਵ ਸਹਿਜੇ ਹੀ ਉਜਾਗਰ ਹੋ ਜਾਂਦਾ ਹੈ: ਵਰਤਮਾਨ ਹਾਲਤ ਵੱਲ ਦੇਖਦਿਆਂ ਉਹਨਾਂ ਦੀ ਪ੍ਰਸੰਗਿਕਤਾ ਅਤੇ ਭਾਈਚਾਰਕ, ਸਮਾਜਕ, ਸਭਿਆਚਾਰਕ, ਆਰਥਕ, ਰਾਜਨੀਤਕ, ਆਦਿ ਵਿਸ਼ਿਆਂ ਨੂੰ ਕਲਾਮਈ ਢੰਗ ਨਾਲ ਪੇਸ਼ ਕਰਨ ਦੀ ਉਹਨਾਂ ਦੀ ਸਮਰੱਥਾ।

ਗੁਰਬਚਨ ਸਿੰਘ ਭੁੱਲਰ, ਦਿੱਲੀ

ਪਸ਼ੌਰਾ ਸਿੰਘ ਢਿੱਲੋਂ ਦੀ ਸ਼ਾਇਰੀ ਮਾਂ ਦੀ ਅਸੀਸ ਵਰਗੀ ਹੈ, ਨਿਰਛਲ, ਸੁਹਿਰਦ ਤੇ ਮੋਹ ਵਿਚ ਭਿੱਜੀ ਹੋਈ। ਹਰ ਕਿਸੇ ਦੀ ਸੁੱਖ ਮੰਗਦੀ ਇਹ ਸ਼ਾਇਰੀ ਮਨੁੱਖੀ ਸਰੋਕਾਰਾਂ ਅਤੇ ਸੰਵੇਦਨਾਵਾਂ ਨਾਲ ਜੁੜੀ ਹੋਈ ਹੈ। ਇਹ ਸ਼ਾਇਰੀ ਵਿਰਾਸਤ ਨੂੰ ਅੱਖੋਂ ਪਰੋਖੇ ਨਹੀਂ ਕਰਦੀ, ਸਗੋਂ ਪਰੰਪਰਾ ਦਾ ਹੱਥ ਫੜ ਕੇ ਆਧੁਨਿਕ ਬੋਧ ਵੱਲ ਤੋਰਦੀ ਹੈ। ਪਸ਼ੌਰਾ ਸਿੰਘ ਢਿੱਲੋਂ ਕੋਲ ਸੰਵੇਦਨਾ ਦੀ ਜ਼ਰਖੇਜ਼ ਮਿੱਟੀ ਵੀ ਹੈ ਅਤੇ ਵੰਨ-ਸੁਵੰਨੇ ਰੰਗਾਂ ਦੇ ਫੁੱਲਾਂ ਵਰਗੀਆਂ ਨਜ਼ਮਾਂ ਦੀ ਸਿਰਜਣ ਸਮਰੱਥਾ ਵੀ। ਮੈਂ ਉਹਦੀ ਸਿਰਜਣਾ ਲਈ ਅਤੇ ਉਹਦੇ ਕਵਿਤਾਮਈ ਭਵਿਖ ਲਈ ਬਾਬੇ ਦੇ ਹਜ਼ੂਰ ਬਾ-ਅਦਬ ਦੁਆਗੋ ਹਾਂ।

ਜਸਬੀਰ ਭੁੱਲਰ, ਮੋਹਾਲੀ

ਪਸ਼ੌਰਾ ਸਿੰਘ ਢਿੱਲੋਂ ਜੀ ਹੋਰਾਂ ਨਾਲ ਮੇਰਾ ਦੂਹਰਾ ਰਿਸ਼ਤਾ ਹੈ; ਇਕ ਤਾਂ ਸ਼ਾਇਰ ਹੋਣ ਦਾ ਤੇ ਦੂਜਾ ਲਹੌਰੀ ਹੋਣ ਦਾ। ਮੇਰਾ ਲੜਕਪਨ ਵੀ ਲਾਹੌਰ ਗੁਜ਼ਰਿਆ ਤੇ ਢਿੱਲੋਂ ਹੋਰਾਂ ਦੀ ਜਨਮ-ਭੋਂ ਵੀ ਜੱਲੋ ਮੋੜ ਲਾਗਲੇ ਇਕ ਪਿੰਡ ਜੰਡਿਆਲਾ ਹੈ। ਮੈਂ ਅੰਮ੍ਰਿਤਸਰ ਜੰਮਿਆਂ, ਮੇਰਾ ਟੱਬਰ- ਟੀਰ ਓਥੋਂ ਉਠ ਕੇ ਅੱਜ ਦੇ ਗ਼ਾਜ਼ੀਆਬਾਦ ਆ ਵਸਿਆ-ਤੇ ਢਿੱਲੋਂ ਜੀ ਹੋਰਾਂ ਦਾ ਟੱਬਰ ਵੰਡ ਪਿਛੋਂ ਭਕਨੇ ਜਾ ਬੈਠਾ। ਇੰਜ ਇਹ ਤਬਾਦਲਾ ਹੋਇਆ। ਬਾਬਾ ਸੋਹਨ ਸਿੰਘ ਭਕਨਾ ਹੋਰਾਂ ਨੂੰ ਕੌਣ ਨਹੀਂ ਜਾਣਦਾ! ਮੇਰੇ ਲਈ ਏਸ ਤੋਂ ਵੱਡਾ ਮੇਰਾ ਕੀ ਸੁਭਾਗ ਹੋ ਸਕਦਾ ਹੈ ਕਿ ਅੱਜ ਮੈਂ ਜਿਹੜੇ ਦੋ ਅੱਖਰ ਰਚ ਰਿਹਾ ਹਾਂ, ਉਹ ਸੋਹਨ ਸਿੰਘ ਜੀ ਹੋਰਾਂ ਦੇ ਕਿਸੇ ਜੀਅ ਬਾਰੇ ਨੇ।

ਮੈਂ ਆਸ ਕਰਦਾ ਹਾਂ ਕਿ ਢਿੱਲੋਂ ਜੀ ਹੋਰੀਂ ਹਮੇਸ਼ ਇੰਜ ਦਾ ਹੀ ਸੁਲੱਖਣਾ ਲਿਖਦੇ ਰਹਿਣ। ਮੈਂ ਸ਼ਾਹਮੁਖੀ ਵਿਚ ਉਹਨਾਂ ਦੀ ਇਸ ਕਿਤਾਬ ਨੂੰ ਦਿਲੋਂ-ਬਿਜਾਨੋਂ ਜੀ ਆਇਆਂ ਆਖਦਾ ਹਾਂ ਤੇ ਆਸ ਕਰਦਾ ਹਾਂ ਕਿ ਇਹ ਸਿਲਸਲਾ ਹਮੇਸ਼ ਜਾਰੀ ਰਹੇਗਾ।

ਬਾਬਾ ਨਜਮੀ, ਲ਼ਾਹੌਰ

ISBN: 978-81-8299-110-2

www.PashauraSinghDhillon.com